ਮਾਸਿਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਲੁਧਿਆਣਾ

MONTHLY **SURA** LUDHIANA

ਜੁਲਾਈ ੧੯੯੭



JULY 1997

ਗੁ: ਸ਼ੀਸ਼ ਮਹਿਲ ਸਾਹਿਬ(ਕੀਰਤਪੁਰ ਸਾਹਿਬ) ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


੧. ਸਤਿਗੁਰੂ ਬਾਝਹੁ ਵੈਦੁ ਨ ਕੋਈ ੧
੨. ਧਰਮ ਰਾਇ ਦੀ ਦਰਗਾਹ ੪
੩. ਅਸ਼ਟਮ ਬਲਬੀਰਾ ੮
੪. ਜਿਸ ਡਿਠੇ ਸਭਿ ਦੁਖਿ ਜਾਇ ੧੪
੫. ਨਾ-ਮਿਲਵਰਤਣ ਲਹਿਰ ਦੇ ਮੋਢੀ ੧੭
੬. ਸੁੱਖ ਦਾ ਸੋਮਾ ੧੯
੭. ਆਪਨੜੇ ਗਿਰੀਵਾਨ ਮਹਿ.... ੨੨
੮. ਸ਼ਬਦ 'ਵਾਹਿਗੁਰੂ' ਦੀ ਰਚਨਾ ੨੪
੯. ਅਭਖੁ ਭਖਹਿ ਭਖੁ ਤਜਿ ਛੋਡਹਿ ੨੭
੧੦. ਭੰਗਾਣੀ ਦਾ ਯੁੱਧ ੩੦
੧੧.ਗੁਰਮਤਿ ਅਧਿਆਤਮਕ ਕਰਮ ਫਿਲਾਸਫ਼ੀ ੩੪


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਸ਼ਸਤਰ ਧਾਰਨ ਦਿਵਸ ਪਾ: ੬- 15 ਜੁਲਾਈ
ਜਨਮ ਦਿਵਸ ਸ਼ਾਹਿਬਜ਼ਾਦਾ ਜੋਰਾਵਰ ਸਿੰਘ ਜੀ 27 ਜੁਲਾਈ
ਪ੍ਰਕਾਸ਼ ਦਿਵਸ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ 28 ਜੁਲਾਈ

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ - ਸਬ ਆਫ਼ਿਸ "ਸੂਰਾ"- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ - ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਂਕ ਪੰਜ ਪੀਰ।
੩. ਹੁਸ਼ਿਆਰਪੁਰ - ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ - ਭਾਈ ਆਸਾ ਸਿੰਘ ਐਂਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ - ਭਾਈ ਫੌਜਿੰਦਰ ਸਿੰਘ ਜੀ, ੫੩੩/੩ -ਏ ਫ਼ੇਜ਼. ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ - ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ - ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ - ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।
੯. ਮੋਗਾ - ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ - ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ - ਸ੍ਰ: ਪਰਮਜੀਤ ਸਿੰਘ, ਮਦਰਾਸ ਹੈਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ-੧੩੫੦੦੧ ਫੋਨ: ੨੬੨੧੭
੧੨. ਸੰਗਰੂਰ - ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ - ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋੜ।
ਸੂਚਨਾ - ਹਰ ਐਤਵਾਰ 'ਸੂਰਾ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ. ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ - ਭਾਈ ਗੁਰਨਾਮ ਸਿੰਘ ਜੀ ੧੦-Lambourne Gardens, Earley Reading, Berks U.K. Tel. ੦੧੭੩੪-੨੬੭੯੦੦
੨. ਅਮਰੀਕਾ - ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨.
੩. ਕੈਨੇਡਾ - ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ - ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧-੬੯੬੩੪੮੪੧
੫. ਨੀਊਜ਼ੀਲੈਂਡ - ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:-

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:-243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋ ਪ੍ਰਕਾਸ਼ਤ ਕੀਤਾ।
ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ ਇੰਡੀਆ, ਡੀ-੯੩, ਬਲਾਕ ੧੬, ਪਾਹਵਾ ਰੋਡ, ਲੁਧਿਆਣਾ।


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।

ਜਲਦ ੩੧
ਜੁਲਾਈ ੧੯੯੭
ਅੰਕ ੭

# ਸੂਰਾ

SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ ਚੰਦਾ: ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਪਤੀ ਲਾਈਫ ਮੈਂਬਰਸ਼ਿਪ: ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਭੇਜਣ ਦਾ ਪਤਾ: 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

## ਸਤਿਗੁਰ ਬਾਝਹੁ ਵੈਦੁ ਨ ਕੋਈ

ਜਿਸ ਨੋ ਪ੍ਰੇਮੁ ਮੰਨਿ ਵਸਾਏ।। ਸਾਚੈ ਸਬਦਿ ਸਹਜਿ ਸੁਭਾਏ।।
ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ।।੧।।
ਆਪੇ ਮੇਲੇ ਆਪਿ ਮਿਲਾਏ।। ਆਪਣਾ ਪਿਆਰੁ ਆਪੇ ਲਾਏ।।
ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ।।੧।। ਰਹਾਉ।।
ਦਬ ਦ੍ਰਿਸਟਿ ਜਾਗੈ ਭਰਮੁ ਚੁਕਾਏ।। ਗੁਰ ਪਰਸਾਦਿ ਪਰਮ ਪਦੁ ਪਾਏ।।
ਸੰਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ।।੨।।
ਸੰਜੋਗੀ ਧਨ ਪਿਰ ਮੇਲਾ ਹੋਵੈ।। ਗੁਰਮਤਿ ਵਿਚਹੁ ਦੁਰਮਤਿ ਖੋਵੈ।।
ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ।।੩।।
ਸਤਿਗੁਰ ਬਾਝਹੁ ਵੈਦੁ ਨ ਕੋਈ।। ਆਪੇ ਆਪਿ ਨਿਰੰਜਨੁ ਸੋਈ।।
ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ।।੪।।
ਏਹੁ ਸਬਦੁ ਸਾਰੁ ਜਿਸ ਨੋ ਲਾਏ।। ਗੁਰਮੁਖਿ ਤ੍ਰਿਸਨਾ ਭੁਖ ਗਵਾਏ।।
ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ।।੫।।
ਅਗਮ ਨਿਗਮੁ ਸਤਿਗੁਰੂ ਦਿਖਾਇਆ।।ਕਰਿ ਕਿਰਪਾ ਅਪਨੈ ਘਰਿ ਆਇਆ।।
ਅੰਜਨ ਮਾਹਿ ਨਿਰੰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ।।੬।।
ਗੁਰਮੁਖਿ ਹੋਵੈ ਸੋ ਤਤੁ ਪਾਏ।। ਆਪਣਾ ਆਪੁ ਵਿਚਹੁ ਗਵਾਏ।।
ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ।।੭।।
ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ।। ਇਕਨਾ ਗੁਰਮੁਖਿ ਹਉਮੈ ਮਾਰੀ।।
ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ।।੮।।
ਗੁਰਮੁਖਿ ਜਿਨੀ ਨਾਮੁ ਨ ਪਾਇਆ।। ਮਨਮੁਖਿ ਬਿਰਥਾ ਜਨਮੁ ਗਵਾਇਆ।।
ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰਿ ਬੀਚਾਰੀ ਜੀਉ।।੯।।
ਅੰਮ੍ਰਿਤ ਨਾਮੁ ਸਦਾ ਸੁਖਦਾਤਾ।। ਗੁਰਿ ਪੂਰੈ ਜੁਗ ਚਾਰੇ ਜਾਤਾ।।
ਜਿਸੁ ਤੂੰ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ।। ੧੦।।

(ਮਾਰੂ ਮ: ੩ ਘਰੁ ੫ ਅਸਟ:, ਪੰਨਾ੧੦੧੬)



www.AKJ.Org

## ਤਤ ਭਾਵ ਵਿਆਖਿਆ-

ਪ੍ਰੀਤਮ ਵਾਹਿਗੁਰੂ ਆਪਿ ਆਪਣਾ ਪ੍ਰੇਮ ਜਿਸ ਨੂੰ ਦੇਵੇ, ਪ੍ਰੇਮ ਦੇ ਕੇ ਜਿਸ ਮਨ ਵਿਚਿ ਪ੍ਰੇਮ ਹੀ ਪ੍ਰੇਮ ਵਸਾ ਦੇਵੇ, ਓਹੀ ਇਸ ਪ੍ਰੇਮ- ਵੇਦਨ ਦੀ ਸਾਰ ਜਾਣ ਸਕਦਾ ਹੈ ਅਤੇ ਓਹੀ ਪ੍ਰੇਮ ਸਹਿਤ ਸ਼ਬਦ ਅਭਿਆਸ ਦੀ ਸੱਚੀ ਕਾਰ ਵਿਖੇ ਤੱਤਪਰ ਹੋ ਕੇ ਲਗ ਸਕਦਾ ਹੈ। ਦਾਤਾਰ ਕਰਤਾ ਪੁਰਖ ਕਰਤਾਰ ਵਾਹਿਗੁਰੂ ਸ਼ਬਦ ਗੁਰਮੰਤਰ ਦੀ ਦਾਤਿ ਭੀ ਗੁਰੂ ਦੁਆਰਿਓਂ ਸਹਿਜ ਸੁਭਾਇ ਹੀ ਤਿਸ ਜਨ ਨੂੰ ਦਿਵਾ ਦਿੰਦਾ ਹੈ। ਜਿਸ ਉਪਰਿ ਉਸ ਦੀ ਨਦਰ ਮੇਹਰ ਹੋਵੇ, ਆਪੇ ਮੇਲਦਾ ਹੈ, ਆਪੇ ਮੇਲ ਮਿਲਾਉਂਦਾ ਹੈ। ਆਪਣਾ ਪਿਆਰ ਆਪੇ ਲਾਉਂਦਾ ਹੈ। ਪ੍ਰੇਮ ਦੀ ਸਾਰ ਭੀ ਸੋਈ ਜਾਣਦਾ ਹੈ ਜਿਸ ਉਪਰ ਨਦਰੀ ਨਦਰਿ ਨਿਹਾਲ ਹੁੰਦਾ ਹੈ, ਉਸ ਨੂੰ ਨਾਮ ਅਭਿਆਸ ਕਮਾਈ ਦੀ ਸੱਚੀ ਕਾਰ ਕਰਾਇ ਦਿਬ ਦ੍ਰਿਸ਼ਟੀ ਬਖਸ਼ ਦਿੰਦਾ ਹੈ ਤੇ ਦਿਬ ਦ੍ਰਿਸ਼ਟੀ ਵਾਲੀ ਸੁਜਾਗ ਜਾਗ੍ਰਤ ਕਰਾਇ ਕੇ ਉਸ ਦਾ ਭਰਮ ਚੁਕਾਇ ਦਿੰਦਾ ਹੈ। ਜਾਗਤ-ਜੋਤੀਆਂ ਪ੍ਰਚੰਡ ਗਿਆਨ ਜਗਾਇ ਕੇ ਉਸ ਦਾ ਅੰਧੇਰ ਅਗਿਆਨ ਗੰਵਾਇ ਦਿੰਦਾ ਹੈ। ਇਉਂ ਗੁਰਪ੍ਰਸਾਦਿ ਕਰਿ ਉਸ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋਈ ਸੱਚਾ ਗੁਰਮੁਖ ਜੋਗੀ ਹੈ ਜਿਸ ਨੂੰ ਉਪਰ ਦੱਸੀ ਜੁਗਤਿ ਮੁਕਤੀਸ਼ੁਰੀ ਸੁਰਤਿ ਸਾਵਧਾਨਤਾ ਹੋ ਜਾਂਦੀ ਹੈ। ਪਰ ਹੁੰਦੀ ਹੈ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੇ ਸਦਕੇ। ਗੁਰ-ਦੀਖਿਅਤ ਗੁਰ ਸ਼ਬਦ ਮੰਤਰ ਦੀ ਕਮਾਈ ਦੀ ਬਰਕਤ ਨਾਲਿ ਧਨ ਪਿਰ ਦਾ ਮੇਲਾ ਅਰਥਾਤ ਪਰਮਾਰਥ ਦੀ ਜਗਿਆਸਾ ਵਾਲੀ ਗੁਰਮੁਖ-ਪ੍ਰਿਮੰਨੀ ਦਾ ਮੇਲਾ ਪ੍ਰੀਤਮ ਵਾਹਿਗੁਰੂ ਨਾਲਿ ਸੰਜੋਗ ਕਰਕੇ ਹੀ ਹੁੰਦਾ ਹੈ। ਸੰਜੋਗਾਂ ਦੀ ਲਿਖਤਕਾਰ ਗੁਰੂ ਕਰਤਾਰ ਦੇ ਹੀ ਵਸਿ ਹੈ ਅਤੇ ਜਗਿਆਸੂ ਦੇ ਕਰਮਾਂ ਦੀ ਜਗਿਆਸਾ ਹੈ। ਇਹ ਧਨ ਪਿਰੀ ਮੇਲਾ ਪੂਰਨ ਗੁਰਮਤਿ ਅਸੂਲਾਂ ਦੀ ਅਨਕੂਲਤਾ ਅਨੁਸਾਰ ਚਲਣ ਵਾਲਿਆਂ ਗੁਰਮੁਖਾਂ, ਅਨਿੰਨ ਉਪਾਸ਼ਕਾਂ, ਅਕਾਲ ਪੁਰਖ ਦੇ ਆਸ਼ਕਾਂ ਨੂੰ ਹੁੰਦਾ ਹੈ। ਗੁਰਮਤਿ ਉਤੇ ਪੂਰੀ ਤਰ੍ਹਾਂ ਚਲਿਆਂ ਦੁਰਮਤਿ ਖੋਈ ਜਾਂਦੀ ਹੈ। ਜਿਸ ਦੀ ਅੰਦਰੋਂ ਦੁਰਮਤਿ ਖੋਈ ਗਈ,ਮਨਮਤਿ ਮਲ ਧੋਈ ਗਈ, ਉਹ ਧੁਰਿ ਪਿਰ ਮੇਲ ਮਿਲਾਈਆ ਸੰਜੋਗੀ ਜਨ, ਪਿਰ ਪ੍ਰੀਤਮ ਮਿਲ ਰਹੀ ਸੰਜੋਗਨ ਧਨ (ਇਸਤ੍ਰੀ) ਹਰਿ ਰੰਗਾਂ, ਨਾਮ ਰੰਗਾਂ ਵਿਚਿ ਰਤੀ ਹੋਈ, ਪਿਰ ਪ੍ਰੀਤਮ ਦੇ ਇਸ਼ਕ-ਪਿਰੰਮੀ ਮੌਜ ਵਿਚਿ ਮਤੀ ਹੋਈ ਨਿਤਾਪ੍ਰਤਿ ਰਲੀਆਂ ਮਾਣਦੀ ਹੈ ਅਤੇ ਸੱਚੇ ਪਿਆਰ ਵਿਚਿ ਹੀ ਗੁੱਧੀ ਰਹਿੰਦੀ ਹੈ। ਅਜਿਹੀ ਪਿਆਰ ਵਿਚ ਪਰੁੰਨੀ ਗੁੰਨੀ ਹੋਈ ਮਾਸ਼ੂਕਾ ਹੀ ਆਪਣੇ ਕੰਤ ਰੀਸਾਲੂ ਨੂੰ ਅਤ ਪਿਆਰੀ ਲਗਦੀ ਹੈ। ਉਸ ਦੇ ਬਿਰਹੇ ਦੇ ਬੇਦਨੀ ਰੋਗ ਸਭਿ ਚੁੱਕੇ ਜਾਂਦੇ ਹਨ। ਹੋਰ ਸਰੀਰਕ ਤੇ ਮਾਨਸਕ ਰੋਗ ਭੀ ਸਾਰੇ ਦੂਰ ਹੋ ਜਾਂਦੇ ਹਨ। ਇਉਂ ਸਮੁੱਚੇ ਰੋਗਾਂ ਨੂੰ ਨਵਿਰਤ ਕਰਨਹਾਰਾ ਸੱਚਾ ਬੈਦੁ, ਗੁਰ ਸਤਿਗੁਰ ਪੂਰਾ, ਦਸ ਗੁਰੂ ਅਵਤਾਰ ਧਾਰਨ ਵਾਲਾ ਗੁਰ ਨਾਨਕ ਹੀ ਹੈ। ਇਸ ਸੱਚੇ ਸਤਿਗੁਰੂ ਬਾਝੋਂ ਹੋਰ ਕੋਈ ਗੁਰੂ ਨਹੀਂ। ਨਾ ਹੀ ਐਸੇ ਸਤਿਗੁਰੂ ਬਾਝੋਂ ਹੋਰ ਕੋਈ ਸੱਚੜਾ ਬੈਦੁ ਹੈ, ਜੋ ਸਾਰੇ ਮਾਨਸਕ ਤੇ ਸਰੀਰਕ ਰੋਗੁ ਦੂਰ ਕਰ ਸਕੇ। ਇਹ ਸੱਚੜਾ ਬੈਦੁ ਗੁਰੂ ਆਪੇ ਆਪਿ ਨਿਰੰਜਨ ਸਰੂਪ ਹੀ ਹੈ। ਐਸੇ ਨਿਰੰਜਨ ਨਿਰੰਕਾਰੀ ਗੁਰੂ ਨੂੰ ਮਿਲਿਆਂ ਹੀ ਮਨ ਮਨੂਰ ਦੇ ਗੰਦ ਮੰਦ, ਭਾਵ ਗੰਦੇ ਮੰਦੇ ਕੁਫਰਨੇ ਕਾਫ਼ੂਰ ਹੋ ਕੇ ਉੱਕੇ ਹੀ ਮਿਟ ਜਾਂਦੇ ਹਨ। ਐਸੇ ਮੰਦ ਕੁਫਰਨਿਆਂ ਤੋਂ ਪਾਕ ਹੋਏ ਹਿਰਦਿਆਂ ਵਿਚਿ ਹੀ ਗਿਆਨ ਪ੍ਰਕਾਸ਼ ਹੁੰਦਾ ਹੈ ਗਿਆਨ ਪ੍ਰਕਾਸ਼ੀ ਨੂਰ ਜੋਤਾਸ਼ੀ ਸੂਰਜ ਦਾ ਤਲੂਅ (ਉਦੇ ਹੋਣਾ) ਹੁੰਦਾ ਹੈ। ਸੱਚ ਗਿਆਨ-ਤਲੂਈ, ਗਿਆਨ ਪ੍ਰਚੰਡੀ ਪਾਰਸ ਚਾਨਣੇ ਦੀ ਪ੍ਰਚੰਡਤਾ ਬਖਸ਼ਣਹਾਰੇ ਸਾਰ ਗੁਰਸ਼ਬਦ ਦੀ ਪਾਰਸ-ਛੋਹ ਜਿਸ ਨੂੰ ਲਗਦੀ ਹੈ, ਤਿਸ ਗੁਰਮੁਖ ਜਨ ਦੇ ਤਿਮਰ ਅਗਿਆਨ ਦੇ ਭਰਮ ਦੇ ਛਉੜ ਕੱਟੇ ਜਾਂਦੇ ਹਨ ਅਤੇ ਤ੍ਰਿਸ਼ਨਾ ਭੁਖ ਤੇ ਦੁਖ ਰੋਗ ਸਭਿ ਮਿਟ ਜਾਂਦੇ ਹਨ। ਗਏ ਗੁਆਤੇ ਹੋ ਜਾਂਦੇ ਹਨ। ਐਸੀ ਅਪਰ ਅਪਾਰ ਅਗ਼ੈਬੀ ਨੇਅਮਤ ਗੁਰਮੁਖ ਜਨ ਵਡਭਾਗੀ ਨੂੰ ਗੁਰਪ੍ਰਸਾਦਿ ਗੁਰੂ ਕਰਤਾਰ ਦੀ ਕਿਰਪਾ ਕਰਿ ਹੀ ਮਿਲਦੀ ਹੈ। "ਆਪਣ ਲੀਆ ਕਿਛੂ ਨ ਪਾਈਐ॥੫॥੧੦॥੧॥"(੧੦੧੬) ਨਿਰਾ ਆਪਣੀ ਕਮਾਈ ਤੇ ਸ਼ਾਕਰ ਹੋਇਆਂ ਕਾਈ ਸ਼ੈ ਨਹੀਂ ਮਿਲਦੀ। ਸ਼ੁਕਰੀਏ ਤੇ ਸ਼ੁਕਰ-ਗੁਜ਼ਾਰ ਮਸ਼ਕੂਰ ਹੋਇਆਂ ਸਭ ਕੁਛ ਮਿਲਦਾ ਹੈ, ਅਤੇ ਮਿਲਦਾ ਹੈ ਗੁਰੂ ਕਰਤਾਰ ਦੇ ਦਰੋਂ ਘਰੋਂ। ਆਪਣੀ ਲਈ-ਦੇਈ ਏਥੇ ਨਹੀਂ ਪੁਜਦੀ। ਪੁਜਦੀ-ਸਰਦੀ ਕਮਾਈ ਗੁਰੂ ਆਸਰੇ,ਕਰਤਾਰ ਭਰੋਸੇ ਕੀਤੀ ਹੋਈ ਹੀ ਥਾਇ ਪੈਂਦੀ ਹੈ।"ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ....॥੪॥"

ਇਉਂ ਤਾਂ ਹਰ ਕੋਈ ਨਾ ਕਰਤਾ ਧਰਤਾ ਆਪਣ ਲਈ -ਲਵਰਤਾ ਬਣਾ ਬੈਠੇ। ਬਸ, ਆਪਣਾ ਲੀਆ ਦੀਆ ਕਖ ਭੀ ਨਹੀਂ ਹੁੰਦਾ। ਸਰਬ ਕਲਾ ਸਮਰੱਥ ਗੁਰ ਕਰਤਾਰ



www.AKJ.Org

ਹੀ ਆਪਣੀ ਕਲਾ (ਕਲਾ ਸ਼ਕਤਿ) ਵਰਤਾਇ ਕੇ ਸਭ ਕੁਝ ਕਰਦਾ ਕਰਾਉਂਦਾ ਹੈ। ਇਹ ਉਸ ਦੀ ਪਰਮ ਕਿਰਪਾਲਤਾ ਹੈ। ਕਰਤਾਰ ਸਰੂਪ ਸਤਿਗੁਰੂ ਨੂੰ ਹੀ ਐਸਾ ਪ੍ਰਸਾਦੀ ਬਣਨ ਦੀਆਂ ਤੁਫ਼ੀਕਾਂ ਹਨ, ਜੋ ਧੁਰਿ ਦਰਗਾਹ ਤੋਂ ਪ੍ਰਾਪਤਿ ਹਨ। ਅਗਮ ਨਿਗਮ ਦੀ ਸੋਝੀ ਨਿਰਮਲ ਪਰਤੱਖਤਾ ਵਿਚਿ ਕਰਾਉਣਾ ਸਤਿਗੁਰੂ ਦੇ ਤੌਫ਼ੀਕੀ ਵਿਰਸੇ ਵਿਚਿ ਹੀ ਆਇਆ ਹੈ। ਜਿਥੇ ਕਿਸੇ ਦੀ ਗੰਮਤਾ (ਪਹੁੰਚ) ਨਹੀਂ, ਉਸ ਅਗਮ ਅਗੋਚਰੀ ਪਰਮਾਰਥੀ ਮੰਜ਼ਲ ਤੇ ਪੁਚਾਉਣਾ ਸਿਰਫ਼ ਸਤਿਗੁਰੂ ਦੀ ਸਮਰੱਥਤਾ ਗੋਚਰਾ ਹੀ ਸੀਗ਼ਾ ਹੈ। ਜਿਸ ਅਗੰਮੀ ਇਲਮੁਲ ਗੈਬ ਦੀ ਗੰਮਤਾ ਨੂੰ ਬੇਦ ਕਤੇਬ ਭੀ ਨਹੀਂ ਪਹੁੰਚ ਸਕਦੇ ਉਸ ਤਾਈਂ ਸਤਿਗੁਰੂ ਸਮਰੱਥ ਇਕ ਫੋਰ ਵਿਚਿ ਅਪੜਾਇ ਸਕਦਾ ਹੈ। ਸਤਿਗੁਰੂ ਸਮਰੱਥ ਨੇ ਆਪਣੇ ਪਾਤਰ ਸਿੱਖਾਂ ਗੁਰਮੁਖ ਜਨਾਂ ਨੂੰ ਅਗਮ ਅਗੋਚਰੀ ਦ੍ਰਿਸ਼ਯ ਪਰਤੱਖ ਦਿਖਾਇਆ ਹੈ ਹੁਣ ਭੀ ਸਤਿਗੁਰੂ ਦੇ ਵਰੋਸਾਏ ਦਿਬ ਦ੍ਰਿਸ਼ਟੀ ਵਾਲੇ ਗੁਰਮੁਖ ਜਨ ਇਸ ਪਰਤੱਖਤਾ ਦਾ ਅਨੰਦ ਮਾਣਦੇ ਹਨ। ਅਗਮ ਅਗੋਚਰ ਵਾਹਿਗੁਰੂ ਦੇ ਦਰਸ਼ਨਾਂ ਦਾ ਨਜ਼ਾਰਾ ਸਤਿਗੁਰੂ ਆਪਣੇ ਗੁਰਮੁਖ ਪਿਆਰਿਆਂ ਨੂੰ ਨਿਜ ਘਟ ਅੰਦਰਿ ਕਿਰਪਾ ਕਰ ਕੇ ਦਿਖਾਇ ਦਿੰਦਾ ਹੈ। ਗੰਮਤਾ ਤੋਂ ਅਗੋਚਰ ਸਰਬ ਵਿਆਪਕ ਵਾਹਿਗੁਰੂ, ਸਤਿਗੁਰੂ ਦੇ ਪ੍ਰਸਾਦਿ ਕਰਿ ਘਰ ਅੰਦਰਿ, ਗੁਰਮੁਖਾਂ ਦੇ ਘਟ ਭੀਤਰਿ ਹੀ ਆਇ ਦੀਦਾਰੇ ਦਿੰਦਾ ਹੈ। ਸਤਿਗੁਰੂ ਬਖ਼ਸ਼ੇ ਗੁਰਮਤਿ ਗਿਆਨ ਦਾ ਵਾਧਾ ਇਹ ਹੈ ਕਿ ਮਾਇਆ ਵਿਚਿ ਰਹਿੰਦਿਆਂ ਹੋਇਆਂ ਹੀ, ਘਰ ਕੁਟੰਬ ਵਿਚਿ ਬਿਚਰਦਿਆਂ ਹੋਇਆਂ ਹੀ ਨਿਰੰਜਨ ਨਿਰੰਕਾਰ ਵਾਹਿਗੁਰੂ ਅਗਮ ਅਗੋਚਰ ਦਾ ਪਰਤਖ ਦੀਦਾਰ ਹੋ ਜਾਂਦਾ ਹੈ, ਤੱਤ ਅਪ੍ਰੋਖਸ਼ ਗਿਆਨ ਹੋ ਜਾਂਦਾ ਹੈ। ਜਿਨ੍ਹਾਂ ਉੱਤੇ ਖ਼ਾਸ ਵਾਹਿਗੁਰੂ ਦੀ ਨਜ਼ਰ ਹੁੰਦੀ ਹੈ। ਇਹ ਤੱਤ ਵੱਥੀ ਮਹੱਤਤਾ ਆਪਣਾ ਆਪ ਵਿਚਹੁੰ ਗੰਵਾਉਣ ਵਾਲੇ ਗੁਰਮੁਖ ਜਨਾਂ ਨੂੰ ਹੀ ਮਿਲਦੀ ਹੈ, ਜਿਸ ਨੇ ਸਤਿਗੁਰੂ ਦਾ ਸਿੱਖ ਬਣ ਕੇ ਅਨਿੰਨ ਭਗਤੀ ਮਈ ਸੇਵਾ ਕੀਤੀ ਹੋਵੇ। ਪਰਮਾਰਥ ਦਾ ਤੱਤ ਵਿਲਖਣੀ ਮਰਤਬਾ ਸਤਿਗੁਰੂ ਦਾ ਸਿੱਖ ਬਣ ਕ ਹੀ ਮਿਲਦਾ ਹੈ। ਸਤਿਗੁਰੂ ਬਾਝਹੁ ਸਭ ਲੁਕਾਈ ਧੰਧ ਕਮਾਉਂਦੀ ਹੀ ਫਿਰਦੀ ਹੈ। ਐਵੇਂ ਕੱਚੇ ਪਿੱਲੇ ਅਲਪਗ ਮਤਿ ਬੁਧੀ ਵਾਲੇ ਡਿੰਭੀ ਗੁਰੂਆਂ ਪਾਸ ਜਾ ਜਾ ਕੇ ਟੱਕਰਾਂ ਮਾਰਿਆਂ ਕੀ ਬਣਦਾ ਹੈ? ਇਹ ਗੱਲ ਸੋਧ ਸਾਧ ਕੇ ਤੱਤ ਨਿਚੋੜਵੀਂ ਪਰਖ ਵਿਚਿ ਪਰਖੀ ਗਈ ਹੈ। ਇਕਿ ਐਸੇ ਭੀ ਲੋਕ ਹਨ ਜੋ ਆਪਣੇ ਆਪ ਵਿਚਿ ਹੀ ਆਪਣੇ ਨਿਜ ਖਰੜਾਏ ਖਰੜ ਗਿਆਨ ਦੁਆਰਾ ਕੁਛ ਬਣੇ ਫਿਰਦੇ ਹਨ। ਭਰਮਿ ਭੂਲੇ ਹੀ ਫਿਰਦੇ ਹਨ। ਇਹ ਨਿਰੇ ਹੀ ਹੰਕਾਰੀ ਪੁਰਸ਼ ਹਨ ਅਤੇ ਪਰਲੇ ਦਰਜੇ ਦੇ ਮੂਰਖ ਹਨ। ਭਰਮਿ ਭੂਲੇ ਹੀ ਫਿਰਦੇ ਹਨ। ਜਿਨ੍ਹਾਂ ਦੀ ਕਲਿਆਣ ਗਤੀ ਹੋਣੀ ਉਕੀ ਹੀ ਅਸੰਭਵ (ਨਾਮੁਮਕਿਨ) ਹੈ। ਇਹਨਾਂ ਦੇ ਮੁਕਾਬਲੇ ਵਿਚਿ ਜਿਹੜੇ ਗੁਰਮੁਖ ਜਨਾਂ ਨੇ ਨਾਮ ਕਮਾਈਆਂ ਕਰ ਕਰ ਕੇ ਹਉਮੈ ਆਪਣੇ ਆਪ ਵਿਚੋਂ ਮਾਰੀ ਹੈ, ਓਹ "ਸਚੈ ਸਬਦਿ ਰਤੇ ਬੈਰਾਗੀ " ਹਨ। ਤਿਨ੍ਹਾਂ ਨੂੰ ਸੱਚਾ ਬੈਰਾਗ ਪਰਮਾਰਥ ਦਾ ਉਪਜਿਆ ਹੈ। ਤਿਨ੍ਹਾਂ ਨੇ ਤੱਤ ਬੈਰਾਗੀ ਬਣ ਕੇ ਪਰਮਾਰਥ ਦੀ ਖੋਜ ਕੀਤੀ ਹੈ। ਤਿਨ੍ਹਾ ਨੂੰ ਪ੍ਰਮਾਤਮਾ-ਪ੍ਰਾਪਤੀ ਦੀ ਸੱਚੀ ਲਿਵ ਲਗੀ ਹੈ। ਓਹ ਆਪਣੀ ਇਸ ਸੁਚਿਆਰਤਾ ਕਰਿ ਹਿਤੋਂ ਚਿਤੋਂ ਗੁਰਮਤਿ ਸ਼ਬਦ ਦੇ ਮਾਰਗੀ ਹੋਇ ਹਨ। ਗੁਰ ਸ਼ਬਦ ਦੀਆਂ ਤਤ ਅਤੇ ਅਤੁਟ ਕਮਾਈਆਂ ਕਰਿ ਕਰਿ ਉਹ ਨਾਮ ਦੇ ਰੰਗਾਂ ਵਿਚਿ ਰਤੇ ਗਏ ਹਨ। ਐਸੇ ਨਾਮ-ਰਤੇ ਬੈਰਾਗੀਆਂ, ਸ਼ਬਦ-ਅਨੁਰਾਗੀਆਂ ਸੋਹਾਗ ਸੋਹਾਗਣੀਆਂ ਤੋਂ ਬਿਨਾਂ ਹੋਰ ਸਾਰੇ ਗੰਵਾਰ ਖੋਜੀ ਭਰਮਿ-ਭੂਲੇ ਹੋਏ ਅਹੰਮਤੀ ਆਪਾ-ਪੰਥੀ ਹਨ। ਜਿਨ੍ਹਾਂ ਨੇ ਗੁਰਮੁਖ ਬਣ ਕੇ ਗੁਰੂ ਦੁਆਰਿਓਂ ਗੁਰਦੀਖਿਆ ਲੈ ਕੇ ਨਾਮ ਨਹੀਂ ਪ੍ਰਾਪਤਿ ਕੀਤਾ, ਸੋ ਮਨਮੁਖ ਮੂੜ ਗੰਵਾਰ ਹਨ। ਤਿਨ੍ਹਾਂ ਮਨਮੁਖਾਂ ਨੇ ਆਪਣਾ ਸਾਰਾ ਮਾਨੁਖਾ ਜਨਮ ਹੀ ਬਿਰਥਾ ਗੰਵਾ ਲਿਆ । ਅਗੇ ਅਗਲੀ ਦਰਗਾਹੇ ਜਾ ਕੇ ਨਾਮ ਬਿਨਾਂ ਕੋਈ ਭੀ ਬੇਲੀ ਨਹੀਂ। ਗੁਰਮਤਿ ਗੁਰਬਾਣੀ ਦੀ ਇਹ ਸਾਰ ਸਿੱਟੇ ਵਾਲੀ ਨਿਚੋੜਵੀਂ ਵੀਚਾਰ ਹੈ। ਤ੍ਰਿਕਾਲ-ਦਰਸੀ ਸਰਬੱਗ ਸਤਿਗੁਰੂ ਨਾਨਕ ਸਾਹਿਬ ਨੇ ਚੌਹਾਂ ਜੁਗਾਂ ਦਾ ਵੀਚਾਰ ਨਿਚੋੜ ਕਢ ਕੇ ਦੇਖ ਲਿਆ ਹੈ ਕਿ ਸਾਰੇ ਜੁਗਾਂ ਵਿਚਿ ਸੱਚੇ ਸਤਿਗੁਰੂ ਦੀ ਬਸੀਠੀ ਵਿਚ ਮਿਲੇ ਅੰਮ੍ਰਿਤ ਨਾਮ ਦੁਆਰਾ ਹੀ ਸਭ ਦਾ ਨਿਸਤਾਰਾ ਹੈ। ਅੰਮ੍ਰਿਤ ਨਾਮ ਹੀ ਸਦਾ ਸੁਖਦਾਤਾ ਹੈ ਪਰ "ਜਿਸੁ ਤੂ ਦੇਵਹਿ ਸੋਈ ਪਾਏ"। ਇਹ ਅੰਮ੍ਰਿਤ ਨਾਮੁ ਜਿਸੁ ਵਡਿਭਾਗੇ ਗੁਰਮੁਖ ਜਨ ਨੂੰ ਤੂੰ ਆਪਣੀ ਕਿਰਪਾ ਕਰਿ ਦੇਵਹਿ, ਤਿਸੇ ਨੂੰ ਮਿਲਦਾ ਹੈ। ਇਹ ਗੁਰਮਤਿ ਤੱਤ ਵਿਚਾਰ ਦਾ ਸਾਰ ਸਿੱਟਾ ਹੈ।


www.AKJ.Org

# ਧਰਮ ਰਾਇ ਦੀ ਦਰਗਾਹ

(ਵਲੋਂ-ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)

ਜਿਨ੍ਹਾਂ ਨੇ ਗੁਰਦੀਖਿਆ ਲੈ ਕੇ, ਗੁਰੂ ਕੇ ਸਿਖ ਬਣ ਕੇ, ਗੁਰਮਤਿ ਨਾਮ ਨਹੀਂ ਧਿਆਇਆ, ਤਿਨ੍ਹਾਂ ਮਨਮੁਖਾਂ ਨੇ ਮਨੁਖਾ-ਜਨਮ ਬਿਰਥਾ ਹੀ ਗਵਾਇਆ ਹੈ। ਉਨ੍ਹਾਂ ਦਾ ਅੱਗਾ ਭੀ ਬੜਾ ਦੁਖਦਾਈ ਹੋਵੇਗਾ, ਕਿਉਂਕਿ ਅੱਗੇ ਅਗਲੀ ਦਰਗਾਹ ਵਿਚ ਨਾਮ ਤੋਂ ਬਿਨਾਂ ਕੋਈ ਭੀ ਬੇਲੀ ਨਹੀਂ। ਜਿਨ੍ਹਾਂ ਨੇ ਐਥੇ ਨਾਮ ਨਹੀਂ ਜਪਿਆ ਤਾਂ ਅਗੇ ਚਲ ਕੇ ਉਹਨਾਂ ਦੀ ਸਹਾਇਤਾ ਕਿਨ ਕਰਨੀ ਹੈ ? ਸਹਾਈ ਕੇਵਲ ਇਕ ਨਾਮ ਨੇ ਹੀ ਹੋਣਾ ਹੈ। ਅਗਲੀ ਦਰਗਾਹੇ ਛੁਡਾਉਣਹਾਰਾ ਸੱਚਾ ਬੇਲੀ ਸਹਾਈ ਇਕ ਨਾਮ ਹੀ ਹੈ, ਹੋਰ ਕੋਈ ਨਹੀਂ।

ਇਸ ਜਗ ਵਿਚ ਤਾਂ ਚਾਰ ਦਿਹਾੜੇ ਹੀ ਰਹਿਣਾ ਵਸਣਾ ਹੈ। ਜਿਥੇ ਜਾ ਕੇ ਅਗਲੀ ਦਰਗਾਹ-ਮਈ ਘਰ ਵਿਚ ਰਹਿਣਾ ਵਸਣਾ ਹੈ, ਸੋ ਘਰ ਤਾਂ ਚਿਤ ਚੇਤੇ ਹੀ ਨਹੀਂ। ਜਿਥੇ ਜਾਣਾ ਹੈ, ਸੋ ਥਾਉਂ ਹੀ ਤਿਨ੍ਹਾਂ ਨੂੰ ਵਿਸਰਿਆ ਹੋਇਆ ਹੈ, ਤੇ ਅੱਗੇ ਵਸਣ ਵਾਲੇ ਥਾਉਂ ਵਿਖੇ ਮਨਮੁਖਾਂ ਨੇ ਮਨ ਨਹੀਂ ਲਾਇਆ-

ਜਿਹ ਘਰ ਮਹਿ ਤੁਧੁ ਰਹਨਾ ਬਸਨਾ,
ਸੋ ਘਰੁ ਚੀਤਿ ਨ ਆਇਓ।।.......
ਜਹਾ ਜਾਣਾ ਸੋ ਥਾਨੁ ਵਿਸਾਰਿਓ,
ਇਕ ਨਿਮਖ ਨਹੀ ਮਨੁ ਲਾਇਓ।।

(ਮਾਰੂ ਮ: ੫, ਅਸਟਪਦੀਆ, ੧੦੧੭)

ਹਰਿ ਦਰਗਾਹੀ ਪਤਿ ਸਿਉਂ ਲੈ ਜਾਣ ਵਾਲਾ ਇਕ ਨਾਮ ਹੀ ਹੈ, ਕਲਿਜੁਗ ਅੰਦਰ ਕੇਵਲ ਕੀਰਤਨ ਹੀ ਪਰਧਾਨ ਹੈ, ਕੀਰਤਨ ਦੇ ਪਰਤਾਪ ਕਰ ਹੀ ਗੁਰਮੁਖਾਂ ਦਾ ਨਾਮ ਵਿਚ ਸਹਿਜ ਧਿਆਨ ਲਗ ਜਾਂਦਾ ਹੈ। ਧਿਆਨ ਲਾ ਕੇ ਨਾਮ ਜਪਿਆਂ ਆਪ ਤਰਨ ਤੇ ਅਵਰਾਂ ਨੂੰ ਨਿਸਤਾਰਨ ਵਾਲਾ ਗੁਰਮੁਖ ਜੀਵਨ ਪਰਗਟਦਾ ਹੈ। ਯਥਾ ਗੁਰਵਾਕ-

ਕਲਜੁਗ ਮਹਿ ਕੀਰਤਨੁ ਪਰਧਾਨਾ।।
ਗੁਰਮੁਖਿ ਜਪੀਐ ਲਾਇ ਧਿਆਨਾ।।
ਆਪਿ ਤਰੈ ਸਗਲੇ ਕੁਲ ਤਾਰੇ,
ਹਰਿ ਦਰਗਹ ਪਤਿ ਸਿਉ ਜਾਇਦਾ।।੬।।

(ਮਾਰੂ ਮ: ਸੋਲਹੇ, ੧੦੭੬)

ਸਤਿਗੁਰੂ ਰੂਪੀ ਸੱਚੇ ਬੋਹਿਥ ਤੇ ਚੜ੍ਹਿਆਂ, ਅਰਥਾਤ ਸਤਿਗੁਰੂ ਦੇ ਸਾਜੇ ਸਚੇ ਨਾਮ-ਅੰਮ੍ਰਿਤ ਤੇ ਸਵਾਰ ਹੋਇਆਂ ਲਹਿਰਾਂ ਮਾਰਦੇ ਭਵ-ਸਾਗਰ ਵਿਚ ਡੁਬਣ ਦਾ ਖ਼ਤਰਾ ਨਹੀਂ, ਨ ਕਿਤੇ ਠਾਕ ਹੀ ਪੈਂਦੀ ਹੈ। ਨਿਰਭਉ ਹੋਏ ਸਚ-ਮਾਰਗੇ ਬੋਹਿਥ ਤੇ ਸਵਾਰ ਹੋਏ ਸਫ਼ਰ ਕਰੀ ਜਾਈਦਾ ਹੈ। ਕਿਉਂਕਿ ਬੋਹਿਥ ਦੇ ਬਾਂਗੀ-ਸਤਿਗੁਰੂ ਦੀ ਸਚੀ ਧੀਰਕ ਹੁੰਦੀ ਹੈ। ਬਾਂਗੀ ਸਤਿਗੁਰੂ ਐਸੇ ਦਰ ਤੇ ਲੈ ਜਾ ਕੇ ਉਤਾਰਦਾ ਹੈ, ਜਿਥੇ ਅਗੇ ਜੋਤੀ ਸਰੂਪ ਵਾਹਿਗੁਰੂ ਪਰਤਖ ਸਨਮੁਖ ਦਿਦਾਰੇ ਦਿੰਦਾ ਦਿਸ ਪੈਂਦਾ ਹੈ। ਨਦਰੀ ਹੀ ਇਹ ਦਾਤ ਦਰਗਾਹੀ ਮਾਣ ਵਾਲੀ ਪਾਈਦੀ ਹੈ।

ਚੜਿ ਬੋਹਿਥੈ ਚਾਲਸਉ, ਸਾਗਰੁ ਲਹਰੀ ਦੇਇ।।
ਠਾਕ ਨ ਸਚੈ ਬੋਹਿਥੈ, ਜੇ ਗੁਰ ਧੀਰਕ ਦੇਇ।।
ਤਿਤੁ ਦਰਿ ਜਾਇ ਉਤਾਰੀਆ, ਗੁਰ ਦਿਸੈ ਸਾਵਧਾਨੁ।।
ਨਾਨਕ ਨਦਰੀ ਪਾਈਐ, ਦਰਗਹ ਚਲੈ ਮਾਨੁ।।੩।।

(ਮਾਰੂ ਵਾਰ ੩, ਮ: ੪, ੧੦੮੭)

ਗੁਰਮਤਿ ਜੁਗਤ ਵਿਹੂਣੇ, ਗੁਰ ਦੀਖਿਆ ਹੀਣੇ ਜੋ ਨਿਗੁਰੇ ਮਨਮੁਖ ਜੋਗੀ ਬਣ ਕੇ ਜਗ ਵਿਚ ਭਉਂਦੇ ਫਿਰਦੇ ਹਨ ਤੇ ਘਰ ਘਰ ਭੀਖਿਆ ਮੰਗਦੇ ਫਿਰਦੇ ਹਨ, ਉਹਨਾਂ ਤੋਂ ਜਦੋਂ ਅਗਲੀ ਦਰਗਾਹੇ ਲੇਖਾ ਮੰਗਿਆ ਜਾਸੀ, ਤਾਂ ਕਿਸ ਕਿਸ ਦਾ ਰਿਣ ਉਤਾਰਨਗੇ ? ਜੈਸਾ ਕਿ ਅਗਲਾ ਗੁਰਵਾਕ ਬੁਝਾਉਂਦਾ ਹੈ-

ਜੋਗੀ ਹੋਵਾ ਜਗਿ ਭਵਾ,ਘਰਿ ਘਰਿ ਭੀਖਿਆ ਲੇਉ।।
ਦਰਗਹਿ ਲੇਖਾ ਮੰਗੀਐ, ਕਿਸੁ ਕਿਸੁ ਉਤਰੁ ਦੇਉ। ।

(ਮਾਰੂ ਵਾਰ, ਸਲੋਕ ਮ: ੩, ੧੦੮੯)

ਜਿਹੜੇ ਗੁਰਮੁਖ ਜਨ ਗੁਰਮਤਿ ਜੁਗਤ ਵੀਚਾਰ ਦੁਆਰਾ ਮਨ ਮਾਰ ਕੇ ਵਾਹਿਗੁਰੂ ਦਾ ਜਾਪ ਜਪਦੇ ਹਨ, ਸੋਈ ਹਰਿ ਦਰਗਹਿ ਸਿਝਦੇ ਹਨ-

ਮਨਿ ਵੀਚਾਰਿ ਹਰਿ ਜਪੁ ਕਰੇ, ਹਰਿ ਦਰਗਹ ਸੀਝੈ।।੧੧।।

(ਮਾਰੂ ਵਾਰ ਮ: ੩, ੧੦੯੦)

ਹੁਕਮ ਰਜਾਈ ਸਾਖਤੀਆਂ ਗੁਰਮੁਖ ਦਿਲ-ਰਾਸੀਆਂ ਦਾ ਕਿਆ ਸੋਹਣਾ ਦ੍ਰਿਸ਼ਯ ਅਗਲੇ ਗੁਰਵਾਕ ਅੰਦਰ ਦਰਸਾਇਆ ਹੈ-

ਹੁਕਮਿ ਰਜਾਈ ਸਾਖਤੀ, ਦਰਗਹ ਸਚੁ ਕਬੂਲੁ।।
ਸਾਹਿਬੁ ਲੇਖਾ ਮੰਗਸੀ, ਦੁਨੀਆ ਦੇਖਿ ਨ ਭੂਲੁ।।
ਦਿਲ ਦਰਵਾਨੀ ਜੋ ਕਰੇ, ਦਰਵੇਸੀ ਦਿਲੁ ਰਾਸਿ।।
ਇਸਕ ਮੁਹਬਤਿ ਨਾਨਕਾ, ਲੇਖਾ ਕਰਤੇ ਪਾਸਿ। ।

(ਸਲੋਕ ਮ: ੧, ੧੦੯੦)

ਅਰਥਾਤ ਅਗਲੀ ਦਰਗਾਹ ਅੰਦਰ ਹੁਕਮ ਰਜਾਈ ਸਾਖਤੀ ਵਾਲਾ ਸਚੁ (ਗੁਰਮਤਿ ਨਾਮ) ਹੀ ਕਬੂਲ ਪੈਂਦਾ ਹੈ। ਇਸ ਗੁਰਮਤਿ ਨਾਮ ਤੋਂ ਵਿਹੂਣਿਆਂ ਦਾ ਸਚੇ ਸਾਹਿਬ ਦੀ ਦਰਗਾਹ ਵਿਚ ਜ਼ਰੂਰ ਲੇਖਾ ਮੰਗਿਆ ਜਾਵੇਗਾ। ਮਤ ਕੋਈ ਐਸੇ ਦੁਨੀਆ ਨੂੰ ਦੇਖ ਕੇ ਭੁਲੇ ਤੇ ਗੁਮਾਨ ਕਰੇ *'ਇਹ ਜਗ ਮਿੱਠਾ ਤੇ ਅਗਲਾ ਕਿਨ ਡਿਠਾ'*। ਏਸ ਭਰਮ

ਭੁਲਾਵੇ ਦੁਨੀਆਂ ਦੀਆਂ ਮੌਜਾਂ ਮਾਨਣ ਵਿਚ ਹੀ ਮਦਹੋਸ਼ ਹੋਇਆ ਫਿਰੇ ਤੇ ਮਨ ਦੀਆਂ ਖੁਲ੍ਹੀਆਂ ਵਾਗਾਂ ਛਡ ਦੇਵੇ। ਅਜਿਹੇ ਵਿਸ਼ੇ-ਵਿਕਾਰੀਆਂ ਦਾ ਦਰਗਾਹ ਵਿਚ ਲੇਖਾ ਜ਼ਰੂਰ ਹੋਵੇਗਾ, ਜਿਨ੍ਹਾਂ ਮਨ ਦੀਆਂ ਵਾਗਾਂ ਨਹੀਂ ਰੋਕੀਆਂ ਤੇ ਆਪਣੇ ਮਨ ਤੇ ਪਹਿਰਾ ਨਹੀਂ ਦਿਤਾ ਤਿਨ੍ਹਾਂ ਨੂੰ ਦਰਗਾਹ ਵਿਚ ਸਜ਼ਾ ਜ਼ਰੂਰ ਮਿਲੇਗੀ। ਜਿਨ੍ਹਾਂ ਮਨ ਜਿਣਨਹਾਰੇ ਗੁਰਮੁਖਾਂ ਨੇ ਦਿਲ ਦੀ ਦਰਬਾਨੀ ਕੀਤੀ ਹੈ, ਆਪਸ਼ੇ ਦਹਦਿਸ ਧਾਵਣਹਾਰੇ ਮਨ ਉਤੇ ਪੱਕਾ ਪਹਿਰਾ ਦਿਤਾ ਹੈ ਅਤੇ ਦੁਨੀਆਂ ਤੋਂ ਨਿਵਿਰਤੀ ਵਾਲਾ ਸਚ ਵੈਰਾਗ ਗ੍ਰਿਹਸਤ ਉਦਾਸ ਦਰਵੇਸੀ ਦਿਲ ਰਾਸ ਚਾਲਾ ਧਾਰਿਆ ਹੈ, ਤਿਨ੍ਹਾਂ ਨੇ ਸਚਾ ਰੱਬੀ ਇਸ਼ਕ ਮੁਹੱਬਤੀ ਜੀਵਨ ਜੀਵਿਆ ਹੈ, ਤਿਨ੍ਹਾਂ ਦਾ ਹੀ ਸਿੱਧਾ ਕਰਤੇ ਪੁਰਖ ਪ੍ਰੀਤਮ ਦੇ ਦਰ ਤੇ ਸਿੱਝਣਾ ਹੋਇਆ ਹੈ। ਕਰਤੇ ਦੇ ਦਰਲੇਖੀਆਂ ਦਾ ਲੇਖਾ ਕਿਸ ਨੇ ਲੈਣਾ ਹੈ। ਕੋਈ ਨਹੀਂ ਲੈ ਸਕਦਾ। ਦਰਗਹਿ ਸਿਝਣ ਸੀਝਿਆਂ ਤੋਂ ਲੇਖਾ-

**ਜਿਨਿ ਜਪਿਆ ਹਰਿ ਤੇ ਮੁਕਤ ਪ੍ਰਾਣੀ,**
**ਤਿਨ ਕੇ ਊਜਲ ਮੁਖਿ ਹਰਿ ਦੁਆਰਿ।।**
**ਓਇ ਹਲਤਿ ਪਲਤਿ ਜਨ ਭਏ ਸੁਹੇਲੇ,**
**ਹਰਿ ਰਾਖਿ ਲੀਏ ਰਖਨਹਾਰਿ।।**

(ਤੁਖਾਰੀ ਮ: ੪, ਪੰਨਾ ੧੧੧੫)

ਮੁਕਤ ਪਦ ਅਭਿਆਸੀ ਜਨਾਂ ਨੂੰ ਹੀ ਮਿਲਦਾ ਹੈ। ਗੁਰਮੱਤਿ ਨਾਮ ਦੇ ਅਭਿਆਸੀ ਜਨਾਂ ਦੇ ਹਰਿ ਦਰਗਹਿ ਮੁਖ ਉਜਲੇ ਹੁੰਦੇ ਹਨ ਤੇ ਉਹ ਇਸ ਲੋਕ ਤੇ ਪਰਲੋਕ ਵਿਚ ਸਦਾ ਸੁਹੇਲੇ ਰਹਿੰਦੇ ਹਨ। ਰਖਣਹਾਰ ਗੁਰੂ ਕਰਤਾਰ ਉਨ੍ਹਾਂ ਦੀ ਹਰਿ ਬਾਬ ਰਖਿਆ ਕਰਦਾ ਹੈ, ਇਸ ਲੋਕ ਵਿਚ ਭੀ ਤੇ ਅਗਲੇ ਲੋਕ ਵਿਚ ਭੀ। ਸੋ ਹੋਇਆ ਨਾ ਅਗਲਾ ਲੋਕ ਜ਼ਰੂਰ।

ਨਾਮ ਨਿਧਾਨ ਦੀ ਮਿਲਖ ਜਿਨ੍ਹਾਂ ਦੇ ਭਾਗਾਂ ਵਿਚ ਲਿਖੀ ਹੁੰਦੀ ਹੈ, ਸੋਈ ਜਨ ਅਗਲੀ ਦਰਗਾਹ ਅੰਦਰ ਮਾਣ ਪਾਉਂਦੇ ਹਨ। ਸੁਖ ਸਹਿਜ ਸੇਤੀ ਅਨੰਦ ਮਗਨ ਹੋਇ ਗੁਣ ਗਾਉਣਹਾਰਿਆਂ ਨੂੰ ਅਗੇ (ਅਗਲੀ ਦਰਗਾਹੇ) ਚਲ ਕੇ ਖ਼ਾਸ ਥਾਉਂ ਮਿਲਦਾ ਹੈ, ਐਥੇ ਚਾਹੇ ਉਹ ਨਿਥਾਵੇਂ ਹੀ ਹੋਣ। ਗੁਰਵਾਕ -

**ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ।।**
**ਸੇ ਜਨ ਦਰਗਹ ਪਾਵਹਿ ਮਾਨੁ।।**
**ਸੂਖ ਸਹਜ ਆਨੰਦ ਗੁਣ ਗਾਉ।।**
**ਆਗੈ ਮਿਲੈ ਨਿਥਾਵੇ ਥਾਉ।।੨।।**

(ਭੈਰਉ ਮ: ੫, ਪੰਨਾ ੧੧੪੩)

ਸਾਕਤ ਮਨਮੁਖ ਨਾਸਤਕ ਦਾ ਜਿਤਨਾ ਭੀ ਆਚਾਰ ਕਰਮ ਹੈ, ਸਭ ਝੂਠ ਹੈ। ਗੁਰ ਪੂਰੇ ਬਿਨਾਂ ਮੁਕਤੀ ਕਿਸੇ ਦੀ ਨਹੀਂ ਹੋ ਸਕਦੀ । ਸਚੀ ਦਰਗਾਹ ਸਾਕਤ ਲੋਕ ਜਾਣੇ ਹੀ ਨਹੀਂ ਪਾਉਂਦੇ , ਠਾਕੇ ਜਾਂਦੇ ਹਨ। ਗੁਰਵਾਕ:-

**ਹਰਿ ਕੇ ਨਾਮ ਬਿਨਾ ਸਭ ਝੂਠੁ।।**
**ਬਿਨੁ ਗੁਰ ਪੂਰੇ ਮੁਕਤਿ ਨ ਪਾਈਐ,**
**ਸਾਚੀ ਦਰਗਹਿ ਸਾਕਤ ਮੂਠੁ।।੧।।ਰਹਾਉ।।......**
**ਅੰਤਰੁ ਮੈਲਾ ਬਾਹਰ ਨਿਤ ਧੋਵੈ।।**
**ਸਾਚੀ ਦਰਗਹਿ ਅਪਨੀ ਪਤਿ ਖੋਵੈ।।**

(ਭੈਰਉ ਮਹਲਾ ੫, ਪੰਨਾ ੧੧੫੧)

ਪਿਛਲੀਆਂ ਦੋ ਪੰਕਤੀਆਂ ਦਸਦੀਆਂ ਹਨ ਕਿ ਮੈਲ ਇਸ਼ਨਾਨੀ ਬਗਲੇ ਭਗਤਾਂ ਦੀਆਂ ਬਗਲ-ਸਮਾਧੀਆਂ ਕਿਸੇ ਲੇਖੇ ਨਹੀਂ। ਇਥੇ ਭੇਖ ਦਿਖਾਉਣਹਾਰਿਆਂ ਦੇ ਜਦ ਅਗਲੀ ਦਰਗਾਹ ਵਿਚ ਪਾਜ ਖੁਲ੍ਹਣਗੇ ਤਾਂ ਤਿਨ੍ਹਾਂ ਦੀ ਪੋਲ-ਪਤਿ ਦੀ ਕਉਡੀ ਕੀਮਤ ਨਹੀਂ ਪੈਣੀ। ਜਿਨ੍ਹਾਂ ਨੂੰ ਸਤਿਗੁਰੂ ਨੇ ਨਾਮ ਨਿਧਾਨ ਦ੍ਰਿੜਾ ਦਿਤਾ ਹੈ ਨਿਜ ਘਰੋਂ ਦੀਖਿਆ ਦਾਨ ਦੇ ਕੇ, ਤਿਨ੍ਹਾਂ ਭਾਣੇ ਰਾਜ ਮਾਲ ਮਾਇਆ ਦਾ ਸਭ ਪਸਾਰਾ ਝੂਠਾ ਹੈ। ਇਸ ਝੂਠ-ਪਸਾਰੇ ਨੂੰ ਗ੍ਰਿਹਸਤ ਉਦਾਸੀਆਂ ਗੁਰਮੁਖ ਜਨਾਂ ਨੇ ਬਿਖ ਸਮਝ ਕੇ ਤਿਆਗ ਦਿਤਾ ਹੈ, ਉਸੇ ਧੰਧ-ਬੰਧ ਮਾਇਆ ਨੂੰ ਲੋਭੀ ਨਰ ਲਪਟਾਇ ਰਹੇ ਹਨ। ਐਸੇ ਲਪਟ ਲਪਟਾਰੀਆਂ ਨਾਮ-ਬੇ-ਮੁਖਾਰੀਆਂ ਨੂੰ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ, ਕਦੇ ਨਹੀਂ ਟਲਦੀਆਂ -

**ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ।।**
**ਰਾਜੁ ਮਾਲੁ ਝੂਠੀ ਸਭ ਮਾਇਆ।।**
**ਲੋਭੀ ਨਰ ਰਹੇ ਲਪਟਾਇ।।**
**ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ।।੨।।**

(ਭੈਰਉ ਮ: ੩, ੧੧੫੫)

ਅਗੇ ਗਇਆਂ ਲੇਖਾ ਮੰਗਿਆ ਜਾਣਾ ਹੈ, ਤੇ ਜ਼ਰੂਰ ਮੰਗਿਆ ਜਾਣਾ ਹੈ, ਅਤੇ ਦਸ ਗੁਣੀ ਸਜ਼ਾ ਮਿਲੇਗੀ-

**ਅਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ। ।**

(ਵਾਰ ਸਾਰੰਗ, ਮ: ੧, ੧੨੪੦)

ਪਰ ਨਾਮ ਦਾ ਲੇਖਾ ਪੜ੍ਹਿਆਂ, ਅਰਥਾਤ ਗੁਰਮਤਿ ਨਾਮ ਸਾਸ-ਗਿਰਾਸ ਜਪਿਆਂ ਪੂਰਬ ਕਮਾਤੇ ਸਾਰੇ ਮੰਦੇ ਲੇਖ ਮਿਟ ਜਾਂਦੇ ਹਨ ਤੇ ਅਗੇ ਨੂੰ ਕੋਈ ਮੰਦਾ ਕਰਮ ਨਹੀਂ ਹੁੰਦਾ ਤੇ ਨਾ ਹੀ ਨਵੇਂ ਸਿਰੇ ਮੰਦੇ ਲੇਖ ਲਿਖੇ ਜਾਂਦੇ ਹਨ। ਤਿਨ੍ਹਾਂ ਨੂੰ ਅਗੇ ਚਲ ਕੇ, ਕੋਈ ਪੁਛ ਗਿਛ ਨਹੀਂ ਹੁੰਦੀ। ਹਰਿ ਦਰਗਹਿ ਅੰਦਰ ਉਨ੍ਹਾਂ ਨੂੰ ਸਗੋਂ ਢੋਈ ਮਿਲਦੀ ਹੈ। ਯਥਾ ਗੁਰਵਾਕ-



www.AKJ.Org

ਲੇਖਾ ਪੜੀਐ ਹਰਿਨਾਮੁ, ਫਿਰਿ ਲੇਖੁ ਨ ਹੋਈ।।
ਪੁਛਿ ਨਾ ਸਕੈ ਕੋਇ, ਹਰਿ ਦਰਿ ਸਦ ਢੋਈ।।
ਜਮਕਾਲੁ ਮਿਲੈ ਦੇ ਭੇਟ, ਸੇਵਕ ਨਿਤ ਹੋਈ।।
ਪੂਰੇ ਗੁਰ ਤੇ ਮਹਲੁ ਪਾਇਆ, ਪਤਿ ਪਰਗਟੁ ਲੋਈ।।
ਨਾਨਕ ਅਨਹਦ ਧੁਨੀ ਦਰਿ ਵਜਦੇ,
ਮਿਲਿਆ ਹਰਿ ਸੋਈ।।੨੮।। (ਰਾਗ ਮਾਰੂ, ੧੨੪੮)

ਇਹ ਗੁਰਵਾਕ ਏਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਜਿਨ੍ਹਾਂ ਨੂੰ ਹਰਿ ਦਰਗਹ ਢੋਈ ਮਿਲਦੀ ਹੈ, ਤਿਨ੍ਹਾਂ ਨੂੰ ਅਗੋਂ ਜਮਕਾਲ ਭੀ ਭੇਟਾ ਲੈ ਕੇ ਮਿਲਦਾ ਹੈ ਤੇ ਉਲਟਾ ਉਨ੍ਹਾਂ ਦਾ ਸੇਵਕ ਹੋ ਜਾਂਦਾ ਹੈ। ਪੂਰੇ ਸਤਿਗੁਰੂ ਦੀ ਬਸੀਠੀ ਦੇ ਸਦਕੇ ਤਿਨ੍ਹਾਂ ਦਾ ਸੱਚ-ਮਹਲੀ ਵਾਸਾ ਹੋ ਜਾਂਦਾ ਹੈ। ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਤਿਨ੍ਹਾਂ ਦੀ ਸੋਭਾ ਉਘੀ ਹੋ ਜਾਂਦੀ ਹੈ। ਤਿਸ ਸਚੇ ਦਰ ਮਹਲ, ਜਿਥੇ ਕਿ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ, ਅਨਹਦ ਧੁਨੀਆਂ ਦੀ ਝੁਨਕਾਰ ਉਠਦੀ ਹੈ ਤੇ ਸਦਾ ਅਨਹਦ ਵਾਜੇ ਵਜ ਰਹੇ ਹਨ। ਉਸ ਦੀ ਸਚੀ ਦਰਗਾਹੇ ਮਨਮੁਖਾਂ ਸਾਕਤਾਂ ਦਾ ਲੇਖਾ ਹੁੰਦਾ ਹੈ। ਉਥੇ ਉਹ ਸਚਿਆਰ ਬਣ ਬਣ ਬੈਠਦੇ ਹਨ। ਕਾਮ ਕਰੋਧ ਹੰਕਾਰ ਦੇ ਲਦੇ ਹੋਏ ਮਨਮੁਖ ਬੋਲ ਕੁਬੋਲੋਂ ਟਲਦੇ ਨਹੀਂ, ਮੰਦਾ ਹੀ ਚਿਤਵਦੇ ਹਨ। ਉਨ੍ਹਾਂ ਨੂੰ ਚੰਗਾ ਬੋਲ ਬੋਲਣਾ ਹੀ ਨਹੀਂ ਆਉਂਦਾ, ਚੰਗੀ ਚਿਤਵਣੀ ਉਹ ਚਿਤਵਣ ਹੀ ਨਹੀਂ ਜਾਣਦੇ। ਥਾਂਉਂ ਕੁਥਾਉਂ ਨਹੀਂ ਦੇਖਦੇ। ਤਿਨ੍ਹਾਂ ਦਾ ਅਗਲੀ ਦਰਗਾਹ ਉਪਰ ਦਸਿਆ ਹਾਲ ਹੋਣਾ ਹੈ।

ਮਨਮੁਖ ਬੋਲਿ ਨ ਜਾਣਨੀ,
ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ।।
ਥਾਉ ਕੁਥਾਉ ਨ ਜਾਣਨੀ, ਸਦਾ ਚਿਤਵਹਿ ਬਿਕਾਰ।।
ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ।।
(ਸਲੋਕ ਮ: ੩, ੧੨੪੮)

ਮਨਮੁਖਾਂ ਨੇ ਇਸ ਲੋਕ ਵਿਚ ਸੋਈ ਅਗਿਆਨ ਅੰਧਾਰੇ ਤੇ ਅਵਿਦਿਆ ਵਾਲੇ ਕੰਮ ਕੀਤੇ ਹਨ, ਸੋਈ ਅਵਿੱਦਤ ਸਾਧਨ ਸਾਧੇ ਹਨ, ਜਿਨ੍ਹਾਂ ਦਾ ਪਰਲੋਕ ਵਿਚ ਭੀ ਅਪਜਸ ਹੁੰਦਾ ਹੈ, ਅਰਥਾਤ ਜਿਨ੍ਹਾਂ ਕਰਮਾਂ ਦੇ ਕਰਨ ਤੋਂ ਪਰਲੋਕ ਵਿਚ ਭੀ ਬਦਨਾਮੀ ਹੁੰਦੀ ਹੈ। ਯਥਾ ਗੁਰਵਾਕ-

ਜਿਹਿ ਪਰਲੋਕ ਜਾਇ ਅਪਕੀਰਤਿ,
ਸੋਈ ਅਬਿਦਿਆ ਸਾਧੀ।।
(ਸਾਰੰਗ, ਪਰਮਾਨੰਦ, ੧੨੫੩)

ਤਾਂ ਤੇ ਪਰਲੋਕ ਦੀ ਹੋਂਦ ਨੂੰ ਜ਼ਰੂਰ ਮੰਨਣਾ ਪਊ। ਮੁਨਕਰ ਹੋਣ ਦੀ ਕੋਈ ਜਾਇ ਹੀ ਨਹੀਂ। ਮਾਇਆ ਨਾਲ ਮਨੂਰ ਹੋਏ ਮਨ ਇਹੋ ਅਗਿਆਨ ਵਿਸ਼ਵਾਸ ਲਈ ਬੈਠੇ ਹਨ, ਜੋ ਕੁਝ ਹੈ ਏਸੇ ਦੁਨੀਆ ਵਿਚ ਹੀ ਹੈ, ਏਥੇ ਹੀ ਸੂਰਾ ਮਾਇਆ ਦੇ ਰੰਗ ਮਾਣ ਲਓ, ਖਾਤ ਪੀਤ ਹਸਤ ਬਿਹਾਇ ਲਵੋ (Eat, Drink and be merry), ਅਗਾ ਕੀਹਨੇ ਦੇਖਿਆ ਹੈ ? **ਜੇ ਅਗੇ ਦਾ** ਉਹਨਾਂ ਨੂੰ ਫ਼ਿਕਰ ਹੋਵੇ ਤਾਂ ਏਸ ਸਾਗਰ ਤੋਂ **ਤਰਨ ਦਾ ਕੋਈ** ਤੁਲਹਾ ਬੰਨ੍ਹਣ। ਪਰ ਇਹ ਅਗਲੇਰਾ ਗੁਰਵਾਕ **ਉਨ੍ਹਾਂ ਨੂੰ ਕੈਸੀ ਸੁਝਾਵਣੀ** ਕਰਾਉਂਦਾ ਹੋਇਆ ਖ਼ਬਰਦਾਰ ਕਰਦਾ ਹੈ-

ਆਗੈ ਕਉ ਕਿਛੁ ਤੁਲਹਾ ਬਾਂਧਹੁ,
ਕਿਆ ਭਰਵਾਸਾ ਧਨ ਕਾ।।
(ਸਾਰੰਗ ਕਬੀਰ ਜੀਉ, ੧੨੫੩)

ਗੁਰ-ਸ਼ਬਦ ਰਤੇ ਬੈਰਾਗੀ ਜਨ ਇਸ ਮਾਇਆ ਤੋਂ ਸਦਾ ਹੀ ਉਪਰਾਮ ਰਹਿੰਦੇ ਹਨ, ਏਸ ਨੂੰ ਅਨ-ਅਸਥਿਰ ਸਮਝ ਕੇ ਇਸ ਵਿਚ ਲਿਪਾਇਮਾਨ ਨਹੀਂ ਹੁੰਦੇ, ਸਦਾ ਅਲੋਪ ਤੇ ਤਿਆਗੀ ਬਣੇ ਰਹਿੰਦੇ ਹਨ, ਇਸ ਤੋਂ ਓਚਾਟ ਹੋ, ਉਹ ਅਨਦਿਨ ਸਦਾ ਸਦਾ ਸਾਸ ਸਾਸ ਨਾਮ ਹੀ ਧਿਆਉਂਦੇ ਰਹਿੰਦੇ ਹਨ ਤੇ ਅਗੇ ਚਲ ਕੇ ਸਚੀ ਦਰਗਾਹ ਵਿਚ ਸੱਚਾ ਮਾਣ ਪਾਉਂਦੇ ਹਨ। ਜਿਹਾ ਕਿ-

ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮੁ।।
ਅਨਦਿਨੁ ਨਾਮੁ ਸਦਾ ਸਦਾ ਧਿਆਵਹਿ,
ਸਾਚੀ ਦਰਗਹ ਪਾਵਹਿ ਮਾਨੁ।।.......
ਗੁਰ ਸਬਦਿ ਰਤੇ ਸਦਾ ਬੈਰਾਗੀ,
ਹਰਿ ਦਰਗਹਿ ਸਾਚੀ ਪਾਵਹਿ ਮਾਨੁ।।੨।।
(ਮਲਾਰ ਮ: ੩, ਪੰਨਾ ੧੨੫੯)

ਹੇਠ ਲਿਖੇ ਗੁਰਵਾਕ ਵਿਚ ਅਗੋ ਦੇ ਨਿਬੇੜੇ ਦਾ ਕਿਆ ਸੋਹਣਾ ਨਿਰਣਾ ਹੋਇਆ ਹੈ-

ਮਨਮੁਖ ਅਗੈ ਲੇਖਾ ਮੰਗੀਐ, ਬਹੁਤੀ ਹੋਵੈ ਮਾਰ।।
ਗੁਰਮੁਖਿ ਪਤਿ ਸਿਉ ਲੇਖਾ ਨਿਬੜੈ, ਬਖਸੇ ਸਿਫਤਿ ਭੰਡਾਰ।।
ਓਥੈ ਹਥੁ ਨ ਅਪੜੈ, ਕੂਕ ਨ ਸੁਣੀਐ ਪੁਕਾਰ।।
ਓਥੈ ਸਤਿਗੁਰੁ ਬੇਲੀ ਹੋਵੈ, ਕਢਿ ਲਏ ਅੰਤੀ ਵਾਰ।।
ਏਨਾ ਜੰਤਾ ਨੋ ਹੋਰ ਸੇਵਾ ਨਹੀ, ਸਤਿਗੁਰੁ ਸਿਰਿ ਕਰਤਾਰ।।
(ਵਾਰ ਮਲਾਰ ਮ: ੧, ੧੨੯੧)

ਇਸ ਗੁਰਵਾਕ ਨੇ ਸਾਫ਼ ਨਿਰਣਾ ਕਰ ਦਿਤਾ ਹੈ ਕਿ ਅਗੇ ਚਲ ਕੇ ਮਨਮੁਖਾਂ ਸਾਕਤਾਂ ਪਾਸੋਂ ਤਾਂ ਲੇਖਾ ਮੰਗਿਆ ਜਾਣਾ ਹੈ, ਉਹਨਾਂ ਦੀ ਤਿਥੇ ਬਹੁਤੀ ਬਾਕੀ ਨਿਕਲਣੀ ਹੈ ਤੇ ਬਹੁਤੀ ਸਜਾਇ ਉਹਨਾਂ ਨੂੰ ਓਥੇ ਮਿਲਣੀ ਹੈ ਤੇ ਬਹੁਤੀ ਮਾਰ ਜਮਾਂ ਦੀ ਉਹਨਾਂ ਨੂੰ ਓਥੇ ਪੈਣੀ ਹੈ, ਪਰ ਗੁਰਮੁਖਾਂ ਦਾ ਉਥੇ ਪਤਿ ਨਾਲ ਲੇਖਾ ਨਿਬੜਨਾ ਹੈ। ਸਿਫ਼ਤ-ਭੰਡਾਰੀਆਂ ਗੁਰਮੁਖਾਂ ਨੂੰ ਸਿਫ਼ਤ-ਭੰਡਾਰ ਦੀ ਬਖ਼ਸ਼ਿਸ਼ ਨੇ ਹੀ ਅਗੇ ਜਾ ਕੇ ਬਖ਼ਸ਼ਾਉਣਾ ਹੈ। ਅਗਲੀ ਦਰਗਾਹ ਵਿਚ ਕੋਈ ਕਿਸੇ ਦਾ ਵਾਹਰੂ ਨਹੀਂ, ਕਿਸੇ ਦੀ ਕੂਕ ਪੁਕਾਰ


www.AKJ.Org

ਓਥੇ ਨਹੀਂ ਸੁਣੀ ਜਾਣੀ। ਓਥੇ ਕੇਵਲ ਸਤਿਗੁਰੂ ਹੀ ਸੱਚਾ ਬੇਲੀ ਹੋ ਸਕਦਾ ਹੈ ਤੇ ਅੰਤੀ ਵਾਰ ਓਹੋ ਹੀ ਸਹਾਈ ਹੁੰਦਾ ਹੈ। ਘੋਰ ਨਰਕ-ਸਜ਼ਾਵਾਂ ਤੋਂ ਬਚਾਉਣ ਨੂੰ ਸਤਿਗੁਰੂ ਸਮਰਥ ਹੈ, ਇਸ ਲਈ ਇਨ੍ਹਾਂ ਕਲਜੁਗੀ ਜੀਵਾਂ ਦੀ ਇਸ ਜਗ ਵਿਖੇ ਹੋਰ ਕੋਈ ਸੇਵਾ ਘਾਲ ਥਾਇ ਨਹੀਂ ਪੈਂਦੀ। ਸੇਵਾ ਘਾਲ ਤਿਨ੍ਹਾਂ ਦੀ ਪਰਵਾਨ ਪੈਂਦੀ ਹੈ, ਜਿਨ੍ਹਾਂ ਦੇ ਸਿਰ ਤੇ ਸਤਿਗੁਰੂ ਕਰਤਾਰ ਰਾਖਾ ਹੈ, ਸਦਾ ਰਖਵਾਲਾ ਹੋਇਆ ਹੈ। ਅਗਲੀ ਦਰਗਾਹੇ ਸਤਿਗੁਰੂ ਰਖਵਾਲਾ ਕੇਵਲ ਤਿਨ੍ਹਾਂ ਦਾ ਹੀ ਹੋਇਆ ਹੈ, ਜਿਨ੍ਹਾਂ ਨੇ ਏਥੇ ਗੁਰੂ ਧਾਰਨ ਕੀਤਾ ਹੈ, ਸਚੇ ਗੁਰੂ ਦੀ ਦੀਖਿਆ ਪ੍ਰਾਪਤ ਕੀਤੀ ਹੈ। ਕੱਚੇ ਗੁਰੂਆਂ ਦੇ ਧਾਰਨ-ਹਾਰਿਆਂ ਦੀ ਏਥੇ ਭੀ ਗਤਿ ਨਹੀਂ, ਨ ਅਗੇ ਉਨ੍ਹਾਂ ਦੀ ਪੁਕਾਰ ਸੁਣੀ ਜਾਂਦੀ ਹੈ। ਕਚੇ ਗੁਰੂ, ਤੇ ਉਨ੍ਹਾਂ ਦੇ ਕੱਚੇ ਚੇਲਿਆਂ ਨੂੰ ਦਰਗਾਹ ਵਿਚ ਜ਼ਰੂਰ ਸਜ਼ਾ ਭੁਗਤਣੀ ਪਵੇਗੀ। ਆਪੇ ਬਣਿ ਬਣਿ ਬਹਿਣ ਵਾਲੇ ਦੇਹਧਾਰੀ ਗੁਰੂਆਂ ਨੂੰ ਤੇ ਤਿਨ੍ਹਾਂ ਦੇ ਚੇਲਿਆਂ ਨੂੰ ਮੂੰਹੋਂ ਮੂੰਹ ਮਾਰ ਪਏਗੀ। ਇਸ ਵਿਚ ਰੰਚਕ ਭੀ ਸੰਦੇਹ ਨ ਜਾਣੋ, ਜਿਨ੍ਹਾਂ ਵਡਭਾਗਿਆਂ ਗੁਰੂ ਘਰ ਵਿਖੇ ਜਨਮ ਲੈ ਕੇ, ਖੰਡੇ ਦਾ ਅੰਮ੍ਰਿਤ ਛਕ ਕੇ, ਜਨਮ ਸੁਜਨਮਾ ਹੋਇ ਕੇ, ਗੁਰੂ ਨਾਨਕ ਦਸਮੇਸ਼ ਜੀ ਦੇ ਅਜ਼ਲੀ, ਅਬਦੀ ਹੁਕਮ ਅਨੁਸਾਰ, ਸਾਜ ਨਿਵਾਜੇ ਗੁਰੂ ਸਵਾਰੇ ਪੰਜ ਪਿਆਰਿਆਂ ਰਾਹੀਂ ਦੀਖਿਆ ਲੈ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕੀਤਾ ਹੈ, ਉਹਨਾਂ ਨੇ ਹੀ ਦਸਾਂ ਗੁਰੂ ਪਾਤਸ਼ਾਹੀਆਂ ਦੀ ਗੁਰਿਆਈ ਤੋਂ ਸਿਖੀ ਧਾਰਨ ਕੀਤੀ ਹੈ, ਸੋਈ ਸਚੀ ਦਰਗਾਹ ਅੰਦਰ ਗਏ ਮੰਨੇ ਜਾਣਗੇ, ਪ੍ਰਮਾਣੇ ਜਾਣਗੇ ਤੇ ਨਿਸਤਾਰੇ ਜਾਣਗੇ। ਹੋਰ ਅਖਾਉਤੀ ਪਾਜਲ ਦੇਹਧਾਰੀਆਂ ਨੂੰ ਗੁਰੂ ਮੰਨਣ ਵਾਲੇ ਨਿਗੁਰੇ ਹੀ ਰਹਿਣਗੇ ਤੇ ਨਿਗੁਰੇ ਹੀ ਸਮਝੇ ਜਾਣਗੇ। ਅਗਲੀ ਦਰਗਾਹ ਵਿਚ ਤਿਨ੍ਹਾਂ ਨੂੰ ਢੋਈ ਨਹੀਂ ਮਿਲਣੀ। ਅਜਿਹੇ ਪਾਜਲ ਗੁਰੂਆਂ ਦਾ ਗੁਰਪੁਣਾ ਅਗਲੀ ਦਰਗਾਹ ਵਿਚ ਕੱਖੋਂ ਹੌਲਾ ਸਾਬਤ ਹੋਵੇਗਾ। ਜਿਨ੍ਹਾਂ ਨੂੰ ਅਗੇ ਦਾ ਭੈ ਹੈ, ਉਹ ਏਨ੍ਹਾਂ ਡਿੰਭ ਮਨੌਤੀਆਂ ਵਿਚ ਪੈਂਦੇ ਹੀ ਨਹੀਂ, ਉਹ ਸਿਧੇ ਗੁਰੂ ਨਾਨਕ ਸਾਹਿਬ ਦੇ ਘਰ ਦਾ ਆਸਰਾ ਲੈਂਦੇ ਹਨ। ਜੋ ਗੁਰੂ ਨਾਨਕ ਸਾਹਿਬ ਸਰੇਣੀ ਦੇ ਧੁਰੋਂ ਆਏ ਗੁਰੂ ਸਾਹਿਬਾਨ ਦੇ ਸ਼ਰੀਕ ਬਣਦੇ ਹਨ ਤੇ ਆਪਣੇ ਆਪ ਨੂੰ ਗੁਰੂ ਸਦਾਉਂਦੇ ਹਨ ਉਨ੍ਹਾਂ ਨੂੰ ਸਣੇ ਚੇਲਿਆਂ ਦੇ ਅਗੇ ਧੱਕੇ ਹੀ ਪੈਣੇ ਹਨ । ਹੇਠਲਾ ਗੁਰਵਾਕ ਏਸ ਪਰਕਰਣ ਦਾ ਹੋਰ ਭੀ ਸੱਚ ਨਿਬੇੜਾ ਕਰਦਾ ਹੈ-

ਪੜ੍ਹਿਆ ਲੇਖੇਦਾਰੁ ਲੇਖਾ ਮੰਗੀਐ।।
ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ।।
ਅਉਘਟ ਰੁਧੇ ਰਾਹ ਗਲੀਆ ਰੋਕੀਆਂ।।
ਸਚਾ ਵੇਪਰਵਾਹੁ ਸਬਦਿ ਸੰਤੋਖੀਆਂ।।
ਗਹਿਰ ਗੰਭੀਰ ਅਥਾਹੁ, ਹਾਥ ਨ ਲਭਈ।।
ਮੁਹੇ ਮੁਹਿ ਚੋਟਾ ਖਾਹੁ, ਵਿਣੁ ਗੁਰ ਕੋਇ ਨ ਛੁਟਸੀ।।
ਪਤਿ ਸੇਤੀ ਘਰਿ ਜਾਹੁ, ਨਾਮੁ ਵਖਾਣੀਐ।।
ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ।।੨੩।।

(ਵਾਰ ਮਲਾਰ, ੧੨੮੮)

ਭਾਵ-ਜੋ ਜੋ ਆਪਣੀ ਸਿਆਣਪੀ, ਚਤਰਾਈ ਦੁਆਰਾ ਚਤਰ ਵਿਦਿਆ ਦੀਆਂ ਪੜ੍ਹਾਈਆਂ ਪੜ੍ਹ ਪੜ੍ਹ ਕੇ ਆਪੇ ਹੀ ਗੁਰੂ ਬਣਿ ਬਣਿ ਬਹਿੰਦਾ ਹੈ, ਉਹ ਹਰ ਇਕ ਪੜ੍ਹਿਆ ਲੇਖੇ ਅੰਦਰ ਹੈ ਤੇ ਲੇਖਾ ਦੇਣਹਾਰ ਹੈ। ਅਗਲੀ ਦਰਗਾਹ ਵਿਚ ਉਸ ਤੋਂ ਜ਼ਰੂਰ ਲੇਖਾ ਮੰਗਿਆ ਜਾਣਾ ਹੈ। ਸਚੇ ਨਾਮ ਦੀ ਸਚ-ਪੜ੍ਹਾਈ ਬਿਨਾਂ ਹੋਰ ਸਭ ਪੜ੍ਹਾਈਆਂ ਕੂੜਾਵੀਆਂ ਹਨ, ਨਿਰੀਆਂ ਕੂੜ ਦੀਆਂ ਕਪਟ ਕਹਾਣੀਆਂ ਹਨ, ਪਰ ਏਹ ਸਚਾ ਨਾਮ ਸਚੇ ਸਤਿਗੁਰੂ, ਧੁਰੋਂ ਪਠਾਏ ਗੁਰੂ, ਗੁਰੂ ਨਾਨਕ-ਘਰਾਣੇ ਗੁਰੂ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਹੋਰ ਕਿਸੇ ਕੂੜ-ਕਬਾਣੇ ਗੁਰੂ ਨੂੰ ਨਾਮ ਦੇਣ ਦੀ ਮਹੱਤਤਾ ਹੀ ਧੁਰ ਦਰਗਾਹੋਂ ਨਹੀਂ ਮਿਲੀ। ਤਾਂ ਤੇ ਗੁਰੂ ਨਾਨਕ ਦੇ ਦਰੋਂ ਘਰੋਂ ਵਰੋਸਾਏ, ਸਚ ਨਾਮ ਨਦਰਾਏ, ਸਚ ਦੀਖਿਆ ਦੀਖਸ਼ਾਏ ਗੁਰਮੁਖ ਜਨਾਂ ਤੋਂ ਬਿਨਾਂ ਸਭ ਨਿਗੁਰੇ ਨਾਮ ਵਿਹੂਣ ਹਨ ਅਤੇ 'ਵਿਣ ਨਾਵੈ ਕੂੜਿਆਰ' ਹਨ, ਏਹਨਾਂ ਵਿਣ-ਨਾਮੇ ਕੂੜਿਆਰਾਂ ਨੂੰ ਅਗੇ ਜਾ ਕੇ ਬੜੀ ਅਉਖੀ ਤੰਗੀ ਪੇਸ਼ ਆਏਗੀ ਤੇ ਅਤਿ ਦਰਜੇ ਦੇ ਤੰਗ , ਭੀੜੇ ਰਾਹਾਂ ਵਿਚ ਦੀ ਲੰਘਣਾ ਪਏਗਾ, 'ਅਉਖਾ ਤੰਗੀਐ' ਵਾਲਾ ਸਹਿਮ ਸਹਿਣ ਵਾਲੀਆਂ ਦੇ ਰਾਹ, ਅਗੇ ਅਉਖੇ ਰੁਕੇ ਹੋਏ ਹੋਣਗੇ, ਗਲੀਆਂ ਅਤਿ ਭੀੜੀਆਂ ਹੋਣਗੀਆਂ, ਜੋ ਜਗ੍ਹਾਂ ਜਗ੍ਹਾ ਪੈਰ ਪੈਰ ਤੇ ਅਗੇ ਰੁਕੀਆਂ ਹੋਣਗੀਆਂ, ਉਹਨਾਂ ਨੂੰ ਅਉਘਟ ਰੁਧੀਆਂ ਭੀੜੀਆਂ ਗਲੀਆਂ ਦਾ ਲੰਘਣਾ ਹੀ ਅਉਖਾ ਹੋ ਜਾਊ। ਉਨ੍ਹਾਂ ਦੀ ਇਹ ਡੀਂਗ ਕਿ ਉਹ ਰੱਬ ਨੂੰ ਜਾ ਮਿਲਣਗੇ ਜਾਂ ਰੱਬ ਨੂੰ ਮਿਲੇ ਹੋਏ ਹਨ, ਕੂੜ-ਕਲਪਣਾ ਸਾਬਤ ਹੋਵੇਗੀ। ਉਹ ਸਚਾ ਪਾਤਸ਼ਾਹ ਤਾਂ ਸ਼ਬਦ-ਸੰਤੋਖੀਆਂ ਨੂੰ ਹੀ ਮਿਲਦਾ ਹੈ। ਜੋ ਗੁਰ-ਸ਼ਬਦ ਕਮਾਈ ਨਾਲ ਰੱਜ ਕੇ ਸੰਤੁਸ਼ਟ ਹੋਏ ਤੇ ਗੁਰੂ ਘਰ ਦੇ ਗੁਰਮੁਖ ਜਨ ਹਨ, ਤਿਨ੍ਹਾਂ ਨੂੰ ਹੀ ਉਹ ਸੱਚਾ ਬੇਪ੍ਰਵਾਹ ਮਿਲਦਾ ਹੈ। ਉਸ ਬੇਪ੍ਰਵਾਹ ਨੂੰ ਕੀ ਪਰਵਾਹ ਹੈ,ਕੀ ਕਨੌਡ ਹੈ ਕਿ ਡਿੰਭੀ ਡੀਂਗਾਂ ਮਾਰਨ ਵਾਲਿਆਂ ਨੂੰ ਮਿਲੇ। ਗਲੀਂ ਡੀਂਗ ਮਾਰਿਆਂ ਉਹ ਸਚਾ ਬੇਪ੍ਰਵਾਹ ਅਗਮ ਅਥਾਹ ਵਾਹਿਗੁਰੂ ਕਿਸੇ ਨੂੰ ਮਿਲ ਸਕਦਾ ਹੈ? ਕਦਾਚਿਤ ਨਹੀਂ। ਉਸ ਅਗਮ ਅਥਾਹ ਵਾਹਿਗੁਰੂ

(ਬਾਕੀ ਪੰਨਾ ੧੯ ਤੇ).........ਦੀ



www.AKJ.Org

# ਅਸ਼ਟਮ ਬਲਬੀਰਾ

ਡਾ: ਕੁਲਦੀਪ ਕੌਰ

ਸਾਰੇ ਗੁਰੂ ਇਕ ਰੂਪ ਹਨ। ਇਕ ਜੋਤ ਹਨ। ਗੁਰੂ ਨਾਨਕ ਜੋਤ ਭਿੰਨ ਭਿੰਨ ਮਹਲਾਂ ਵਿਚ ਪ੍ਰਕਾਸ਼ਮਾਨ ਹੁੰਦੀ ਰਹੀ, ਪਰ ਆਤਮ ਸਰੂਪ ਇਕੋ, ਆਤਮ ਪ੍ਰਕਾਸ਼ ਇਕੋ ,ਆਤਮ ਆਦਰਸ਼ ਇਕ ਅਕਾਲ ਨਾਲ ਅਭੇਦ ਹੋਣ ਲਈ ਗੁਰੂ ਨਾਨਕ ਦੇ ਨਿਰਮਲ ਪੰਥ ਨੇ ਕਈ ਬਿਖੜੇ ਰਾਹਾਂ ਉਤੇ ਕਦਮ ਰੱਖੇ। ਕਲਿ ਤਾਰਨ ਲਈ ਆਏ ਗੁਰੂ ਨਾਨਕ ਨੇ ਪੰਚ ਭੌਤਿਕ ਸਰੀਰ ਵਿਚ ਵਿਚਰਦਿਆਂ ਜੋ ਫ਼ਲਸਫਾ ਮਾਨਵ ਮਾਤ੍ਰ ਅਗੇ ਰੱਖਿਆ,ਉਸਨੂੰ ਦ੍ਰਿੜ ਕਰਾਉਣ ਲਈ ਦਸ ਰੂਪ ਧਾਰੇ ਸਾਡੇ ਜਿਹੇ ਅੰਧਿਆਰਿਆਂ ਅੰਦਰ ਰੁਸ਼ਨਾਈ ਕਰਨ ਲਈ ਆਪਣੇ ਬਹੁਪੱਖੀ ਫੱਲਸਫ਼ੇ ਦੇ ਵਿਭਿੰਨ ਪੱਖਾਂ ਨੂੰ ਪ੍ਰਗਟ ਕਰਨ ਵਾਸਤੇ ਕਈ ਪ੍ਰਕਾਰ ਦੇ ਕੌਤਕ ਵਰਤਾਏ। ਗੁਰੂ ਜੋਤ ਕਦੇ ੭੨ ਵਰ੍ਹਿਆਂ ਦੇ ਬਿਰਧ ਸਰੂਪ ਵਿਚ ਪ੍ਰਵੇਸ਼ ਕਰਦੀ,ਕਦੇ ਪੰਜ ਛੇ ਵਰ੍ਹਿਆਂ ਦੀ ਵਰੇਸ਼ ਦੇ ਬਾਲਕ। ਵਿੱਚ ਮੀਰੀ ਪੀਰੀ ਦੇ ਮਾਲਕ ਨੇ ਆਪਣੀ ਜੋਤ ਦਾ ਪ੍ਰਵੇਸ਼ ਆਪਣੇ ਪੋਤਰੇ ਵਿਚ ਕਰਾਇਆ ਤਾਂ ਅਸ਼ਟਮ ਬਲਬੀਰਾ 'ਪੋਤਰੇ ਨੇ ਆਪਣੇ ਬਾਬਾ ਤੇਗ ਬਹਾਦਰ ਨੂੰ ਗੁਰਿਆਈ ਦੀ ਬਖ਼ਸ਼ਿਸ਼ ਕੀਤੀ। ਜਿਵੇਂ ਗੁਰੁ ਨਾਨਕ -ਗੁਰੂ ਗੋਬਿੰਦ ਸਿੰਘ ਆਦਰਸ਼ਾਂ ਨੂੰ ਸਮਝਣ ਵਿੱਚ ਵਿਦਵਾਨਾਂ ਨੇ ਭੁਲੇਖੇ ਖਾਧੇ,ਉਸੇ ਤਰਾਂ ਗੁਰੂ ਜੋਤ ਦੇ ਸਰੀਰਕ ਰੂਪਾਂ ਵਿਚ ਭਿੰਨਤਾਂ ਵੇਖ ਕੇ ;ਉਨ੍ਹਾਂ ਦੀ ਬੁੱਧੀ ਅਸਮਰਥ ਰਹੀ। ਪਰ ਦੈਵੀ ਗਿਆਨ ਪ੍ਰਕਾਸ਼ ਨਾਲ ਜਿਨ੍ਹਾਂ ਦੇ ਆਤ੍ਰਿਕ ਨੈਣ ਖੁਲ ਗਏ, ਉਨਾਂ ਨੇ ਅਸਲੀਅਤ ਨੂੰ ਪਛਾਣਿਆ ਅਤੇ ਮੂਲ ਤੱਤ ਦੀ ਸੋਝੀ ਪ੍ਰਾਪਤ ਕੀਤੀ। ਭਾਈ ਨੰਦ ਲਾਲ (ਸਿੰਘ) ਜੀ ਨੇ 'ਵਾਹੁ ਵਾਹੁ ਗੁਰ' ਕਹਿੰਦਿਆਂ ਵਜਦ ਵਿਚ ਆ ਕੇ ਦੋ ਤੁਕੇ ੨੬ ਬੰਦ ਲਿਖੇ ਛੱਬੀਵੇਂ ਬੰਦ ਵਿਚ

ਵਾਹੁ ਵਾਹੁ ਗੁਰ ਕਬੂੰ ਜਾ ਭੂਰਨੰ ॥
ਵਾਹੁ ਵਾਹੁ ਗੁਰ ਕਲਾਂ ਸੰਪੂਰਨ ॥

ਜੋਤ ਬਿਗਾਸ (ਪੰਜਾਬੀ)

ਕਹਿਕੇ ਦਸ ਗੁਰੂ ਸਾਹਿਬਾਨ ਦੀ ਇਕਰੂਪਤਾ ਦਾ ਵਰਣਨ ਇੰਜ ਕੀਤਾ ਹੈ:

ਨਾਨਕ ਸੋ ਅੰਗਦ ਗੁਰਦੇਵਨਾ॥
ਸੋ ਅਮਰਦਾਸ ਹਰਿ ਸੇਵਨਾ॥(੨੭)
ਸੋ ਰਾਮਦਾਸ ਸੋ ਅਰਜਨਾ॥
ਸੋ ਹਰਿ ਗੋਬਿੰਦ ਹਰਿ ਪਰਸਨਾ॥(੨੮)
ਸੋ ਕਰਤਾ ਹਰਿ ਰਾਇ ਦਾਤਾਰਨੰ॥
ਸੋ ਹਰਿ ਕ੍ਰਿਸ਼ਨ ਅਗੰਮ ਅਪਾਰਨੰ॥(੨੯)
ਸੋ ਤੇਗ ਬਾਹਦਰ ਸਤਿ ਸਰੂਪਨਾ॥
ਸੋ ਗੁਰੂ ਗੋਬਿੰਦ ਹਰਿ ਕਾ ਰੂਪਨਾ॥(੩੦)
ਸਭ ਏਕੋ ਏਕੋ ਏਕਨਾ॥
ਨਹੀ ਭੇਦ ਨਾ ਕਛੂ ਭੀ ਪੇਖਨਾ॥(੩੧)

ਜੋਤਿ ਬਿਗਾਸ (ਪੰਜਾਬੀ)

ਇਸ ਤਰ੍ਹਾਂ ਭਾਈ ਗੁਰਦਾਸ (ਦੂਜੇ) ਨੇ ਦਸ ਮਹਿਲਾਂ ਵਿਚ ਇਕ ਜੋਤ ਨੂੰ ਅਨੁਭਵ ਕਰਕੇ ਵੱਖ ਵੱਖ ਪੰਚ ਭੌਤਿਕ ਜਾਮਿਆਂ ਵਿੱਚ ਭਿੰਨ ਭਿੰਨ ਕਰਤੱਵ ਨਿਭਾਉਣ ਦਾ ਵਰਨਣ ਕਰਦਿਆਂ ਹੋਇਆਂ ਸਿੱਟਾ ਕੱਢਿਆ ਹੈ ਕਿ ਸਾਰੇ ਸਰੂਪ ਭਿੰਨ ਭਿੰਨ ਹੁੰਦਿਆਂ ਵੀ ਅਭਿੰਨ ਹਨ। ਸਭਨਾਂ ਵਿੱਚ 'ਪਾਰਬ੍ਰਹਮ ਪਰਮੇਸ਼ਰ' 'ਗੁਰ ਪਰਮੇਸ਼ਰ'ਹੋ ਕੇ ਵਰਤ ਰਿਹਾ ਹੈ:

ਤੂੰ ਅਲਖ ਅਪਾਰ ਨਿਰੰਜਨ ਦੇਵਾ।
ਬ੍ਰਹਮਾ ਬਿਸ਼ਨ ਸ਼ਿਵ ਲਖੇ ਨ ਭੇਵਾ

---------------------

ਤੁਮ ਅਛਲ ਅਛੇਦ ਅਭੇਦ ਕਹਾਯੋ
ਬੈਠ ਤਖਤ ਪਰ ਹੁਕਮ ਚਲਾਯੋ
ਤੁਮ ਬਿਨ ਦੂਸਰ ਅਵਰ ਨ ਕੋਈ
ਤੁਮ ਏਕੋ ਏਕ ਨਿੰਰਜਨ ਸੋਈ
ਓਅੰਕਾਰ ਧਰ ਖੇਲ ਰਜਾਯੰ
ਆਪ ਅਗੋਚਰ ਗੁਪਤ ਰਹਾਯੰ
ਪ੍ਰਭ ਤੁਮਰਾ ਖੇਲ ਅਗਮ ਨਿਰਧਾਰੇ
ਸਭ ਘਟ ਭੀਤਰ ਸਭ ਤੇ ਨਯਾਰੇ

ਸਭ ਕੌਤਕਾਂ ਦਾ ਮੂਲ ਧੁਰਾ ਨਾਮ ਹੈ। ਜੋ:

ਪ੍ਰਿਥਮ ਮਹਿਲ ਜਪਿਓ ਕਰਤਾਰਾ
ਸਭ ਪ੍ਰਿਥਮੀ ਕੋ ਲਿਓ ਉਬਾਰਾ

ਤਾਂ ਦਸਮੇਸ਼ ਪਿਤਾ ਨੇ ਖਾਲਸਾ ਪੰਥ ਸਾਜ ਕੇ-

ਫਤੇ ਭਈ ਦੁਖ ਦੁੰਦ ਮਿਟਾਏ
ਹਰਿ ਅਕਾਲ ਕਾ ਜਾਪ ਜਪਾਏ

ਗੁਰਿਆਈ ਬਖਸ਼ਣ ਵੇਲੇ ਕਰਤਾਰ ਦੀ ਕਰਤਾਰੀ ਸੱਤਾ ਦਾ ਉਸੇ ਮਹਲ ਅੰਦਰ ਪ੍ਰਵੇਸ਼ ਕੀਤਾ ਜਾਂਦਾ ਜਿਸਦੇ ਅੰਦਰ ਗੁਰ ਉਪਦੇਸ਼ਾਂ ਅਨੁਸਾਰ ਜੀਵਨ ਜੀਉਂਦਿਆਂ ਹੋਇਆਂ ਨਿਰੰਕਾਰੀ ਜੋਤ ਜਗਮਗਾ ਰਹੀ ਹੁੰਦੀ। ਜੋ ਨਿਰੰਕਾਰ ਦੇ ਪ੍ਰੇਮ ਵਿਚ ਲੀਨ, ਗੁਰੂ ਚਰਨਾਂ ਦਾ ਭੌਰਾ,ਖਾਲਕ ਦੀ ਖਲਕਤ ਨੂੰ ਪਿਆਰ ਕਰਦਿਆ ਹੋਇਆ, ਹੁਕਮ ਦਾ ਬੱਧਾ ਆਪਾ ਵਾਰਨ ਲਈ ਤਿਆਰ ਰਹਿੰਦਾ। ਸਾਹਿਬ ਸ੍ਰੀ ਗੁਰੂ ਹਰਿ ਰਾਇ ਜੀ ਨੇ ਗੁਰ ਗੱਦੀ ਦੀ ਜਿੰਮੇਵਾਰੀ ਸੌਂਪਣ ਵੇਲੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਯੋਗ



www.AKJ.Org

ਸਮਝਿਆ। ਆਪ ਜੀ ਦੇ ਦੋ ਬੇਟੇ ਸਨ : – ਰਾਮ ਰਾਇ ਤੇ ਸ੍ਰੀ ਹਰਿ ਕ੍ਰਿਸ਼ਨ ਜੀ ਰਾਮ ਰਾਏ ਵਿਚ ਗੁਣ ਤਾਂ ਬੜੇ ਸਨ। ਸਮਾਧੀ ਸਥਿਤ ਹੋ ਕੇ ਘੰਟਿਆ ਬੱਧੀ ਬੈਠ ਸਕਦਾ ਸੀ। ਕਰਾਮਾਤੀ ਸ਼ਕਤੀਆਂ ਦਾ ਸਵਾਮੀ ਵੀ ਸੀ, ਪਰ ਪਿਤਾ ਗੁਰੂ ਵਾਂਗ ਧੀਰਜ ਵਾਨ ਨਹੀ ਸੀ। ਹਉਮੈ ਗ੍ਰਸਤ ਹੋ ਗਿਆ ਅਤੇ ਹੁਕਮ ਦਾ ਪਾਲਣ ਨਾ ਕਰ ਸਕਿਆ। ਔਰੰਗਜ਼ੇਬ ਦਾ ਸੱਦਾ ਪੱਤਰ ਆਉਣ ਤੇ ਗੁਰੂ ਪਿਤਾ ਨੇ ਆਪਣੀ ਥਾਵੇਂ ਰਾਮਰਾਇ ਨੂੰ ਕਈ ਪ੍ਰਕਾਰ ਦੀਆਂ ਨਸੀਹਤਾਂ ਕਰਕੇ, ਦਿੱਲੀ ਭੇਜਿਆ। ਮੁਗਲ ਬਾਦਸ਼ਾਹ ਦੇ ਸਾਮਣ੍ਹੇ ਗੁਰੂ ਘਰ ਦੀ ਆਨ ਸ਼ਾਨ ਨੂੰ ਬਰਕਰਾਰ ਰੱਖਣ, ਹਰ ਗੱਲ ਨਿਧੜਕ ਹੋ ਸਹੀ ਸਹੀ ਕਰਨੀ ਅਤੇ ਕੋਈ ਕਰਮਾਤ ਨਾ ਵਿਖਾਉਦੀ, ਇਹ ਹਦਾਇਤਾਂ ਵਿਸ਼ੇਸ਼ ਤੌਰ ਤੇ ਦਿੱਤੀਆਂ ਗਈਆਂ ਸਨ। ਪਰੰਤੂ ਰਾਮ ਰਾਇ ਸ਼ਾਹੀ ਦਰਬਾਰ ਦੀ ਸੱਜ ਧੱਜ ਵੇਖ ਆਪਣੇ ਆਪ ਨੂੰ ਸੰਭਾਲ ਨਾ ਸਕਿਆ। ਕਰਾਮਾਤਾਂ ਵੀ ਵਿਖਾਈਆਂ ਅਤੇ ਗੁਰਬਾਣੀ ਦੀ ਤੁਕ ਵੀ ਉਲਟਾ ਦਿੱਤੀ। ਬਾਦਸ਼ਾਹਤ ਦਾ ਡਰ ਸੀ ਜਾਂ ਔਰੰਗਜ਼ੇਬ ਨੂੰ ਖ਼ੁਸ਼ ਕਰਕੇ ਕੁਝ ਪ੍ਰਾਪਤ ਕਰਨ ਦੀ ਇੱਛਾ। ਪਿਤਾ ਦਾ ਹੁਕਮ ਭੁਲਾ ਦਿੱਤਾ, ਅਣਖ ਤੇ ਗੈਰਤ ਨੂੰ ਕਾਇਮ ਨਾ ਰੱਖਿਆ। ਸ੍ਰੀ ਗੁਰੂ ਹਰਿ ਰਾਇ ਜੀ ਕੋਲ ਇਹ ਸਭ ਖਬਰਾਂ ਪਹੰਚ ਰਹੀਆਂ ਸਨ। ਆਪਨੇ ਸਿੱਖ ਸੰਗਤਾਂ ਨੂੰ ਹੁਕਮ ਕੀਤਾ ਕਿ ਰਾਮ ਰਾਇ ਨੂੰ ਮੱਥੇ ਨਾ ਲਾਉਣ। ਰਾਮ ਰਾਇ ਨੂੰ ਵੀ ਸੁਨੇਹਾ ਭੇਜ ਦਿੱਤਾ ਕਿ ਸਾਡੇ ਕੋਲ ਨਹੀਂ ਆਉਣਾ, ਸਾਡੇ ਮੱਥੇ ਨਹੀਂ ਲੱਗਣਾ।

ਸ੍ਰੀ ਹਰਿ ਕ੍ਰਿਸ਼ਨ ਜੀ ਦੀ ਆਤਮਕ ਉਚਤਾ, ਗਹਿਰ ਗੰਭੀਰਤਾ, ਭਗਤੀ ਰੱਤਾ ਨਿਮਰ ਸੁਭਾਉ, ਗੁਰਸਿੱਖੀ ਪਿਆਰ, ਪਰਉਪਕਾਰੀ, ਬਿਰਤੀ ਵੇਖਕੇ ਪਿਤਾ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰਿਆਈ ਦੀ ਜ਼ਿਮੇਵਾਰੀ ਆਪ ਨੂੰ ਸੌਂਪ ਦਿੱਤੀ। ਨਿਰੰਕਾਰੀ ਪ੍ਰੇਮ ਅਤੇ ਭਗਤੀ ਭਾਵਨਾ ਦੀ ਪਰੀਖਿਆ ਤਾਂ ਆਪ ਪਹਿਲਾਂ ਹੀ ਲੈ ਚੁੱਕੇ ਸਨ। ਸਿੱਖਾਂ ਦੇ ਰਾਹੀਂ ਹੀ ਦੋਂਹਾ ਭਰਾਵਾਂ ਦੀ ਪਰਖ ਕਰਕੇ ਵੇਖ ਚੁੱਕੇ ਸਨ ਕਿ ਗੁਰਿਆਈ ਦਾ ਬੋਝ ਸੰਭਾਲਣ ਦੀ ਸਮਰਥਾ ਛੋਟੇ ਸਾਹਿਬਜ਼ਾਦੇ ਵਿੱਚ ਹੀ ਹੈ ਜੋ ਨਿੰਰਕਾਰੀ ਜੋਤ ਨਾਲ ਲਿਵਲੀਨਤਾ ਦੀ ਅਵਸਥਾ ਵਿੱਚ ਹੀ 'ਸੁਕੇ ਕਾਸਟ ਹਰਿਆ' ਕਰਨ ਦੀ ਯੋਗਤਾ ਰੱਖਦਾ ਹੈ। ਰਾਮਿ ਰਾਇ ਦਾ ਸੂਖਸ਼ਮ ਹੰਕਾਰ ਜਦੋਂ ਪ੍ਰਗਟ ਰੂਪ ਵਿੱਚ ਸਾਮ੍ਹਣੇ ਆ ਗਿਆ ਅਤੇ ਸਵਾਰਥ ਸਿੱਧੀ ਲਈ ਜਾਂ ਡਰ ਦੇ ਮਾਰੇ ਔਰੰਗੇ ਦੀ ਅਧੀਨਗੀ ਵਾਲਾ ਦ੍ਰਿਸ਼ ਵੀ ਦ੍ਰਿਸ਼ਟੀ ਗੋਚਰ ਹੋ ਗਿਆ ਤਾਂ ਕਿਸੇ ਤਰ੍ਹਾਂ ਵੀ ਉਸ ਵੱਲ ਧਿਆਨ ਜਾਣਾ ਸੰਭਵ ਨਹੀਂ ਸੀ। ਸੋ ਸ੍ਰੀ ਹਰਿ ਕ੍ਰਿਸ਼ ਜੀ ਗੁਰੂ ਨਾਨਕ ਦੀ ਗੱਦੀ ਉੱਤੇ ਅਠਵੇਂ ਮਹਲ ਦੇ ਰੂ ਵਿੱਚ ਸੁਸ਼ੋਭਿਤ ਹੋਏ। ਇਸ ਸਮੇ ਆਪ ਦੀ ਸਰੀਰਕ ਆ ਕੇਵਲ ਸਵਾ ਪੰਜ ਵਰ੍ਹਿਆਂ ਦੀ ਸੀ। ਸੁਹਲ ਮਲੂਕ ਸਰੀ ਦੇ ਸਾਮ੍ਹਣੇ ਬੜੀਆਂ ਵੱਡੀਆਂ ਵੱਡੀਆਂ ਚੁਣੌਤੀਆਂ ਸਨ ਸ਼ਰੀਕ ਦਾ ਸ਼ਰੀਕਾ ਤਾਂ ਸਾਧਾਰਣ ਰੂਪ ਵਿੱਚ ਹੀ ਮਾ ਨਹੀਂ ਹੁੰਦਾ। ਇੱਥੇ ਤਾਂ ਉਸਦਾ ਰੂਪ ਹੀ ਵੱਖਰਾ ਸੀ। ਪਿ ਅਤੇ ਸੰਗਤਾਂ ਵੱਲੋਂ ਛੇਕੇ ਹੋਏ ਰਾਮ ਰਾਇ ਨੇ ਦੁਸ਼ਮ ਤਾਂ ਕੱਢਣੀ ਹੀ ਸੀ। ਉਸਦੀਆਂ ਚਾਲਾਂ ਤੋਂ ਸਾਵਧਾ ਰਹਿ ਕੇ, ਗੁਰਿਆਈ ਦੀਆਂ ਸਾਰੀਆਂ ਜਿਮੇਵਾਰੀਅ ਨਿਭਾਉਣੀਆਂ ਬੜੇ ਸਾਹਸ, ਨਿਰਭੈਤਾ, ਦੂਰਅੰਦੇਸ਼ੀ ਅਤੇ ਸਿਆਣਪ ਦਾ ਕਾਰਜ ਸੀ। ਸਰੀਰ ਭਾਵੇਂ ਸੁਹਲ ਸੀ ਪਰ ਸੁਹਲ ਸਰੀਰ ਦੇ ਅੰਦਰ ਵਿੱਦਮਾਨ ਨਿਰੰਕਾਰੀ ਸੱਤ ਦੇ ਸਾਮ੍ਹਣੇ ਦੋਖੀਆਂ ਦਾ ਟਿਕ ਸਕਣਾ ਸੰਭਵ ਨਹੀਂ ਸੀ

ਦੂਜੀ ਵੱਡੀ ਚੁਣੌਤੀ ਬਾਦਸ਼ਾਹ ਔਰਗਜ਼ੇਬ ਵੱਲੋਂ ਸੀ। ਬਾਬੇ ਕਿਆਂ ਤੇ ਬਾਬਰ ਕਿਆਂ ਦੀ ਟੱਕਰ ਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਚੁੱਕੀ ਸੀ ਜਿਸਨੇ ਪੜਾਅ ਦਰ ਪੜਾਅ ਕਈ ਰੂਪ ਧਾਰੇ। ਔਰੰਗਜ਼ੇਬ ਸ੍ਰੀ ਗੁਰੂ ਹਰਿ ਰਾਇ ਜੀ ਦੇ ਸਮੇ ਗੱਦੀ ਉੱਤੇ ਬੈਠਿਆ ਅਤੇ ਦਸ਼ਮੇਸ਼ ਪਿਤਾ ਤੱਕ ਗੁਰੂ ਘਰ ਦਾ ਸਮਕਾਲੀ ਰਿਹਾ। ਇਹ ਬੜਾ ਮੁਤਅੱਸਬੀ ਅਤੇ ਜ਼ਾਲਮ ਸੀ। ਸਿੱਖੀ ਦੇ ਵਧਦੇ ਪ੍ਰਚਾਰ ਨੂੰ ਉਹ ਕਿਸੇ ਤਰ੍ਹਾਂ ਵੀ ਸਹਿਨ ਨਹੀ ਸੀ ਕਰ ਸਕਦਾ। ਪਰ ਹਥਿਆਰ ਬੱਧ ਟੱਕਰ ਤੋਂ ਪਹਿਲਾਂ ਉਹ ਕਈ ਪ੍ਰਕਾਰ ਦੇ ਦਾਅ ਪੇਚ ਵਰਤ ਕੇ ਗੁਰੂ ਘਰ ਦੀ ਆਨ ਸ਼ਾਨ ਨੂੰ ਘਟਾਉਣ ਦੇ ਯਤਨ ਕਰਦਾ ਰਹਿੰਦਾ ਸੀ। ਨਿਰਭਉ ਤੇ ਨਿਰਵੈਰ ਸਪੱਤਮ ਗੁਰੂ ਨੇ ਉਸਦੀ ਕਿਸੇ ਚਾਲ ਨੂੰ ਕਦੇ ਸਫਲ ਨਹੀ ਸੀ ਹੋਣ ਦਿੱਤਾ ਰਾਮ ਰਾਇ ਨੂੰ ਤਾਂ ਉਸਨੇ ਆਪਣਾ ਪੱਖੀ ਬਣਾ ਹੀ ਲਿਆ ਸੀ ਅਤੇ ਗੁਰੂ ਘਰ ਨਾਲੋਂ ਟੁੱਟੇ ਤੇ ਗੁਰਿਆਈ ਤੋਂ ਵੰਚਿਤ ਰਹਿਣ ਕਰਕੇ ਉਸਦੀ ਤਰਸਯੋਗ ਦਸ਼ਾ ਨੂੰ ਵੇਖਦਿਆਂ ਦੇਹਰਾਦੂਨ ਦੇ ਸਥਾਨ ਨੇੜੇ ਉਸਨੂੰ ਕੁਝ ਪਿੰਡਾਂ ਦੀ ਜਾਗੀਰ ਦੇ ਕੇ ਆਪਣਾ ਹਮਾਇਤੀ ਬਣਾਈ ਰੱਖਿਆ।

ਸਵਾ ਪੰਜ ਸਾਲ ਦੇ ਬਾਲਕ ਨੂੰ ਗੁਰਿਆਈ ਮਿਲ ਤਾਂ ਔਰੰਗਜ਼ੇਬ ਨੂੰ ਆਸ ਬੱਝ ਗਈ ਕਿ ਬਾਲ ਗੁਰੂ ਸਿੱ ਦਾ ਪਹਿਲਾਂ ਵਾਲਾ ਦਬਦਬਾ ਕਾਇਮ ਨਹੀਂ ਰੱਖ ਸ ਗਾ। ਤਾਕਤ ਘਟ ਜਾਏਗੀ ਅਤੇ ਪੰਜਾਬ ਵਲੋਂ ਖਤ ਟਲ ਜਾਏਗਾ। ਪਰ ਇਹ ਉਸਦਾ ਭੁਲੇਖਾ ਸੀ। ਸਿੱਖ ਨਿਤ ਦਿਹਾੜੇ ਪੱਕਾ ਪੈਰਾਂ ਤੇ ਖੜੀ ਹੋ ਰਹੀ ਸੀ।



www.AKJ.Org

ਗੁਰੂ ਦਰਬਾਰ ਦੀ ਛਬਿ ਅਨੋਖੀ ਸੀ। ਪੂਰਾ ਸ਼ਾਹੀ ਠਾਠ ਸੀ। ਧੌਂਸੀਆਂ ਤੇ ਨਗਾਰਿਆਂ ਦੀ ਗੂੰਝ ਸੁਣਾਈ ਦੇਂਦੀ ਸੀ ਸ਼ੰਸਤ੍ਰ ਬੱਧ ਸੈਨਾ ਸਦਾ ਤਿਆਰ ਰਹਿੰਦੀ ਸੀ। ਗੁਰਬਾਣੀ ਦਾ ਅਨੂਠਾ ਕੀਰਤਨ ਨਾਮ ਅਭਿਆਸੀਆਂ ਦੀਆਂ ਲਿਵਤਾਰੀ ਸਮਾਧੀਆਂ, ਸ਼ਾਹੀ ਸ਼ਾਨ ਸ਼ੌਕਤ ਦੇ ਨਾਲ ਨਾਲ ਆਤਮਿਕ ਹੁਲਾਸ ਬਖਸ਼ਦੀਆਂ ਸਨ। ਮੁਸਲਮਾਨ ਵੀ ਆ ਕੇ ਸਿਜਦੇ ਕਰਨ ਲੱਗ ਪਏ ਸਨ। ਉਨ੍ਹਾਂ ਦਾ ਗੁਰੂ ਜੀ ਦੀ ਅਜ਼ਮਤ ਵਿੱਚ ਪੂਰਾ ਵਿਸ਼ਵਾਸ ਸੀ। ਸਿੱਧ ਵੀ ਆਪਦੀ ਸ਼ਰਨ ਵਿੱਚ ਆਉਣ ਲੱਗ ਪਏ ਸਨ। ਬਾਦਸ਼ਾਹ ਇਸ ਸ਼ਾਨਸ਼ੌਕਤ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ। ਰਾਮ ਰਾਇ ਵੀ ਗੁਰੂ ਘਰ ਦੀ ਮਾਨਤਾ ਤੋਂ ਬਹੁਤ ਔਖਾ ਸੀ। ਇਸ ਲਈ ਨਿਤ ਦਿਹਾੜੇ ਬਾਦਸ਼ਾਹ ਦੇ ਕੰਨ ਭਰਦਾ ਰਹਿੰਦਾ ਸੀ।

ਗੁਰੂ ਜੀ ਦੀ ਬਾਲ-ਅਵਸਥਾ ਵੇਖਕੇ ਬ੍ਰਾਹਮਣ ਵੀ ਸੋਚਣ ਲੱਗ ਪਏ ਸਨ ਕਿ ਉਨ੍ਹਾਂ ਦਾ ਪ੍ਰਭਾਵ ਪਹਿਲਾਂ ਵਾਂਗ ਹੀ ਵੱਧ ਜਾਵੇਗਾ। ਇਸ ਲਈ ਦੋਖੀ ਬ੍ਰਾਹਮਣ ਕਰਮ ਕਾਂਡਾਂ ਦਾ ਜਾਲ ਵਿਛਾਉਣ ਅਤੇ ਲੋਕਾਂ ਨੂੰ ਆਪਣੇ ਵਲ ਖਿੱਚਣ ਲਈ ਨਵੇਂ ਸਿਰਿਉਂ ਕ੍ਰਿਆ ਸ਼ੀਲ ਹੋ ਰਹੇ ਸਨ। ਗੁਰੂ ਘਰ ਦਾ ਅਪਮਾਨ ਕਰਨੋਂ ਵੀ ਨਹੀਂ ਸਨ ਝਿਜਕਦੇ। ਪਰ ਸਹਿਨਸ਼ੀਲਤਾ ਅਤੇ ਨਿਮਰਬਿਰਤੀ ਵਾਲੇ ਗੁਰੂ ਉਤੇ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਅਸਰ ਨਹੀਂ ਸੀ ਹੁੰਦਾ। ਉਹ ਅਡੋਲ ਆਪਣੇ ਕਰਤੱਵ ਨਿਭਾਉਣ ਵਿਚ ਜੁਟੇ ਰਹੇ। ਆਪ ਜੀ ਨੇ ਜੀਵਨ ਦੇ ਹਰ ਖੇਤਰ ਵਿਚ ਕੌਮ ਦੀ ਅਗਵਾਈ ਕੀਤੀ। ਸਿਖੀ ਜਿਸ ਪੱਧਰ ਤੇ ਪਹੁੰਚ ਚੁੱਕੀ ਸੀ, ਉਸ ਤੋਂ ਪਿੱਛੇ ਕਦਮ ਨਹੀਂ ਰਖੱਣ ਦਿੱਤਾ। ਧਾਰਮਿਕ, ਸਮਾਜਕ, ਰਾਜਨੀਤਕ ਹਰ ਪੱਖ ਤੋਂ ਲੋਕ ਮਨਾਂ ਨੂੰ ਜਾਗ੍ਰਤ ਕਰਦੇ ਰਹੇ। ਆਪ ਜਾਣੀ ਜਾਣ ਸਨ। ਚਿਹਰੇ ਤੋਂ ਮਨ ਨੂੰ ਪੜ੍ਹਕੇ, ਕਮਜ਼ੋਰ ਮਨਾਂ ਜਾਂ ਕੁਰਾਹੇ ਪਿਆਂ ਨੂੰ, ਗੁਰਬਾਣੀ ਦੁਆਰਾ ਸੱਚੀ ਗੱਲ ਸਮਝਾ ਦੇਂਦੇ ਸਨ। ਇਕ ਜਿਗਿਆਸੂ ਜਸਵੰਤ ਰਾਏ ਆਪ ਦੇ ਦਰਸ਼ਨਾ ਲਈ ਆਇਆ। ਉਹ ਚੋਰ ਸੀ। ਚੋਰੀ ਹੀ ਉਸਦਾ ਕਿੱਤਾ ਸੀ। ਉਸ ਨੂੰ ਸੁਧਾਰਨ ਲਈ ਆਪ ਜੀ ਨੇ ਮਨੋਵਿਗਿਆਨਕ ਵਿਧਿ ਦੀ ਵਰਤੋਂ ਕੀਤੀ ਅਤੇ ਨਾਲ ਹੀ ਆਪਣੀ ਆਤਮ-ਸੱਤਾ ਦਾ ਪ੍ਰਭਾਵ ਪਾਇਆ। ਗੁਰਬਾਣੀ ਦੀਆਂ ਦੋ ਤੁਕਾਂ ਐਸੇ ਢੰਗ ਨਾਲ ਉਚਾਰਨ ਕੀਤੀਆਂ ਕਿ ਸੁਣਦਿਆਂ ਸਾਰ ਉਸਦਾ ਹਿਰਦਾ ਦ੍ਰਵ ਗਿਆ ਅਤੇ ਉਹ ਚੋਰੀ ਛੱਡ ਕੇ ਸਿੱਖੀ ਦਾਇਰੇ ਵਿਚ ਆ ਗਿਆ। ਉਸਨੂੰ ਆਉਂਦਿਆਂ ਵੇਖ ਗੁਰੂ ਜੀ ਨੇ ਫ਼ਰਮਾਇਆ :-

ਚੋਰ ਕੀ ਹਾਮਾ ਭਰੇ ਨ ਕੋਇ।
ਚੋਰੁ ਕੀਆ ਚੰਗਾ ਕਿਉ ਹੋਇ। (੬੬੨)

ਬਾਣੀ ਦੇ ਇਸ ਅਮੋਘ ਬਾਣ ਨੇ ਉਸਦੀ ਕਾਇਆ ਕਲਪ ਕਰ ਦਿੱਤੀ। ਕਈ ਸਿਖ ਕੇਸਾਂ ਦੀ ਬੇਅਦਬੀ ਕਰ ਦੇਂਦੇ ਸਨ। ਆਪਨੇ ਉਚੇਚੇ ਤੌਰ ਤੇ ਕੇਸਾਂ ਦਾ ਸਤਿਕਾਰ ਕਰਨ ਦਾ ਉਪਦੇਸ਼ ਦਿੱਤਾ ਅਤੇ ਕੇਸ ਕਤਲ ਕਰਾਉਣ ਤੋਂ ਸਖ਼ਤੀ ਨਾਲ ਵਰਜਿਆ।

ਜਗਤ ਜੂਠ ਤਮਾਕੂ ਦੀ ਵਰਤੋਂ ਕਰਨ ਵਾਲਿਆਂ ਨੂੰ ਵੀ ਤਾੜਨਾ ਕਰਕੇ ਇਸ ਭੈੜੀ ਆਦਤ ਤੋਂ ਹਟਾਇਆ। ਕਿਰਤ ਕਰਨ ਅਤੇ ਵੰਡ ਛਕਣ ਦੀ ਜਾਚ ਸਿਖਾਈ। ਗੁਰਮਤਿ ਦਾ ਇਹ ਸਿਧਾਂਤ ਦ੍ਰਿੜ ਕਰਾਉਣ ਵਿਚ ਕੋਈ ਕਸਰ ਨਾ ਛੱਡੀ:-

ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।। (ਪੰਨਾ੧੨੪੫)

ਗੁਰਸਿਖਾਂ, ਸੇਵਾਦਾਰਾਂ ਤੇ ਮਸੰਦਾਂ ਨੂੰ ਪੂਜਾ ਦੇ ਧਾਨ ਦੀ ਵਰਤੋਂ ਤੋਂ ਰੋਕਿਆ। ਗੁਰੂ ਕੀ ਗੋਲਕ ਨੂੰ ਬਿਖ ਰੂਪ ਕਹਿਕੇ, ਇਸ ਦੀ ਦੋਹੀ ਦੁਆਰਾ ਹੋਣ ਵਾਲੀ ਆਤਮਕ ਮੌਤ ਤੋਂ ਸੁਚੇਤ ਕੀਤਾ।

ਬ੍ਰਾਹਮਣਾਂ ਦੇ ਵਿਛਾਏ ਹੋਏ ਕਰਮ ਕਾਂਡੀ ਜਾਲ ਨੂੰ ਆਪਨੇ ਆਪਣੇ ਪਿਤਾ ਪਿਤਾਮਾ ਵਾਂਗ ਬੜੇ ਸਾਹਸ ਅਤੇ ਦਲੇਰੀ ਨਾਲ ਕੱਟਣਾ ਜਾਰੀ ਰਖਿਆ। ਸਿਖਾਂ ਨੂੰ ਸੁਤੰਤ੍ਰ ਮਨਾਂ ਵਾਲੇ ਬਣਾਇਆ। ਝੂਠੇ ਰਸਮਾਂ ਰਿਵਾਜਾ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ। ਜੰਮਦੀ ਕੁੜੀ ਨੂੰ ਮਾਰਨ ਦਾ ਰਿਵਾਜ ਵੀ ਕਿਧਰੇ ਕਿਧਰੇ ਪ੍ਰਚਲਿਤ ਸੀ। ਆਪਨੇ ਦੈਵੀ ਉਪਦੇਸ਼ ਦੇ ਕੇ ਇਸ ਪਰੰਪਰਾਂ ਨੂੰ ਖ਼ਤਮ ਕੀਤਾ। ਕੋਹੜੀਆਂ ਦੇ ਕੋਹੜ ਦੂਰ ਕੀਤੇ। ਦੁਬਿਧਾ ਵਿਚ ਫਸੀਆਂ ਨੂੰ ਸਹੀ ਰਾਹ ਦੀ ਸੋਝੀ ਕਰਾਈ। ਬਾਲ ਗੁਰੂ ਸੂਰਮੇ ਨੇ ਅਜਿਹੇ ਕੌਤਕ ਵਰਤਾਏ ਕਿ ਦੁਨੀਆਂ ਦੰਗ ਰਹਿ ਗਈ। ਜਾਤ ਪਾਤ ਦਾ ਵਿਤਕਰਾ ਖ਼ਤਮ ਕਰਨ ਵੱਲ ਵੀ ਗੁਰੂ ਜੀ ਨੇ ਉਚੇਚਾ ਧਿਆਨ ਦਿੱਤਾ। ਗੁਰੂ ਕਾ ਲੰਗਰ ਅੱਤੁਟ ਵਰਤਦਾ ਰਹਿੰਦਾ ਕਦੇ ਤੋਟ ਨਾ ਆਉਂਦੀ। ਸੰਗਤ ਅਤੇ ਪੰਗਤ ਵਿਚ ਰਾਣਾ ਰੰਕ ਬਰਾਬਰੀ ਹੀ ਵਰਤਦੀ। ਕਿਸੇ ਨਾਲ ਵੀ ਵਿਤਕਰਾ ਨਾ ਹੁੰਦਾ।

ਸਿੱਖੀ ਪ੍ਰਚਾਰ ਵਿਚ ਦਿਨ ਬੀਤ ਰਹੇ ਸਨ ਕਿ ਅਚਾਨਕ ਇਕ ਦਿਨ ਔਰੰਗਜ਼ੇਬ ਦਾ ਭੇਜਿਆ ਦੂਤ, ਦੀਵਾਨ ਪਰਸ ਰਾਮ ਕੀਰਤਪੁਰ ਸਾਹਿਬ ਆ ਪਹੁੰਚਿਆ। ਉਹ ਰਾਜਾ ਜੈ ਸਿੰਘ ਅਤੇ ਔਰੰਗਜ਼ੇਬ ਦੇ ਲਿਖੇ ਪੱਤਰ ਲੈ ਕੇ ਆਇਆ ਸੀ, ਰਾਜਾ ਜੈ ਸਿੰਘ ਦੀਆਂ ਹਦਾਇਤਾਂ ਮੁਤਾਬਕ



www.AKJ.Org

ਉਸਨੇ ਬਹੁਤ ਅਦਬ ਸਤਿਕਾਰ ਨਾਲ ਗੱਲ ਕੀਤੀ। ਉਸਨੇ ਪਹਿਲਾਂ ਜੈ ਰਾਮ ਦੀ ਚਿੱਠੀ ਦਿੱਤੀ, ਫਿਰ ਔਰੰਗਜ਼ੇਬ ਦੀ। ਗੁਰੂ ਜੀ ਦੇ ਹੁਕਮ ਅਨੁਸਾਰ ਇਹ ਸਾਰਾ ਕੁਝ ਸਜੇ ਦੀਵਾਨ ਵਿਚ ਸੰਗਤ ਦੀ ਹਾਜ਼ਰੀ ਵਿਚ ਹੋਇਆ। ਔਰੰਗਜ਼ੇਬ ਨੇ ਸਿਰਫ਼ ਦਰਸ਼ਨ ਦੀਦਾਰ ਦੀ ਇੱਛਾ ਹੀ ਪ੍ਰਗਟਾਈ ਸੀ। ਸੰਗਤ ਨੇ ਸੋਚ ਵਿਚਾਰ ਕਰਕੇ ਸਲਾਹ ਦਿੱਤੀ ਸੀ ਕਿ ਦਿੱਲੀ ਜਾਣ ਵਿਚ ਕੋਈ ਹਰਜ਼ ਨਹੀਂ। ਗੁਰੂ ਜੀ ਜਾਣ ਲਈ ਵੀ ਤਿਆਰ ਹੋਏ। ਕੁੱਝ ਸੰਗਤ ਵੀ ਨਾਲ ਲਿਜਾਣੀ ਪਰਵਾਨ ਕਰ ਲਈ। ਅਨੁਮਾਨ ਲਾਇਆ ਜਾ ਸਕਦਾ ਹੈ ਕਿ ਗੁਰੂ ਜੀ ਸੰਗਤ ਦਾ ਕਿੰਨਾ ਸਤਿਕਾਰ ਕਰਦੇ ਸਨ।

ਇਹ ਘਟਨਾ ਗੁਰੂ ਜੀ ਦੇ ਗੁਰਿਆਈ ਜੀਵਨ ਵਿਚ ਇਕ ਨਵਾਂ ਮੋੜ ਸੀ। ਬੜੇ ਸ਼ਾਂਤ ਵਾਤਾਵਰਣ ਵਿੱਚ ਸਿਖੀ ਦਾ ਪ੍ਰਚਾਰ ਹੋ ਰਿਹਾ ਸੀ। ਸਿਖਾਂ ਨੂੰ ਚੜਦੀ ਕਲਾ ਬਖ਼ਸ਼ੀ ਜਾ ਰਹੀ ਸੀ। ਸ਼ੰਕਾਵਾਦੀਆਂ ਦੇ ਸ਼ੰਕੇ ਦੂਰ ਕੀਤੇ ਜਾ ਰਹੇ ਸਨ। ਹੁਣ ਸਮਾਂ ਆਇਆ ਦਿੱਲੀ ਹਕੂਮਤ ਨਾਲ ਸ਼ਾਂਤਮਈ ਟਕਰਾ ਦਾ ਟਕਰਾਮਈ ਸਥਿਤੀ ਵਿੱਚ ਵੀ ਲੋਕ ਸੇਵਾ ਜਿੰਨੀ ਤੀਬਰਤਾ ਨਾਲ ਕੀਤੀ ਜਾ ਰਹੀ ਸੀ, ਉਹ ਆਪਣੀ ਮਿਸਾਲ ਆਪ ਹੀ ਹੈ। ਹੋਰ ਮਹਾਨ ਕਾਰਜ ਵੀ ਆਪਦੇ ਸਨਮੁਖ ਸਨ ਜੋ ਸਹਿਜ ਸੁਭਾ ਹੀ ਹੁੰਦੇ ਰਹੇ।

ਕੀਰਤਪੁਰ ਤੋਂ ਚੱਲਕੇ ਗੁਰੂ ਜੀ ਸੰਗਤਾਂ ਸਮੇਤ ਅੰਬਾਲੇ ਪਹੁੰਚੇ ਤਾਂ ਸੰਗਤ ਦੀ ਥਕਾਨ ਨੂੰ ਧਿਆਨ ਵਿਚ ਰਖਦਿਆਂ ਉਥੇ ਵਿਸਰਾਮ ਦਾ ਪ੍ਰੋਗਰਾਮ ਬਣਾਇਆ। ਅੰਬਾਲਾ ਨੇੜੇ ਪੰਜੋਖਰੇ ਪਹੁੰਚੇ ਜਿਥੇ ਅਭਿਮਾਨੀ ਪੰਡਿਤ ਲਾਲਚੰਦ ਦਾ ਹੰਕਾਰ ਦੂਰ ਕਰਨਾ ਸੀ। ਪੰਡਿਤ ਲਾਲ ਚੰਦ ਵਿਅੰਗ ਨਾਲ ਕਹਿੰਦਾ ਸੀ ਕਿ ਹਰਿ ਕ੍ਰਿਸ਼ਨ ਨਾਮ ਤਾਂ ਰਖਾ ਲਿਆ ਹੈ ਪਰ ਤਾਂ ਮੰਨੀਏ ਜੇ ਕ੍ਰਿਸ਼ਨ ਜੀ ਦੀ ਰਚੀ ਗੀਤਾ ਦੇ ਅਰਥ ਕਰਕੇ ਸੁਣਾਏ। ਗੁਰੂ ਜੀ ਦੇ ਕਹਿਣ ਤੇ ਪੰਡਿਤ ਨੇ ਇਕ ਮਹਾਂ ਮੂਰਖ ਝੀਵਰ ਛੱਜੂ, ਜੋ ਗੁੰਗਾ ਵੀ ਸੀ, ਲੈ ਆਂਦਾਂ। ਗੁਰੂ ਜੀ ਦੀ ਮਿਹਰ ਭਰੀ ਦ੍ਰਿਸ਼ਟੀ ਨਾਲ ਮੂਰਖਤਾ ਵਿਦਵਤਾ ਵਿੱਚ ਬਦਲ ਗਈ ਅਤੇ ਝੀਵਰ ਨੇ ਗੀਤਾ ਦੇ ਅਰਥ ਕਰਕੇ ਸੁਣਾ ਦਿਤੇ। ਪੰਡਿਤ ਦਾ ਅਭਿਮਾਨ ਜਾਂਦਾ ਰਿਹਾ ਅਤੇ ਉਹ ਗੁਰੂ ਜੀ ਦੀ ਚਰਨ ਸ਼ਰਨ ਵਿਚ ਆ ਗਿਆ। ਝੀਵਰ ਦੀਆਂ ਕੁਲਾਂ ਤਰ ਗਈਆਂ। ਕਿਹਾ ਜਾਂਦਾ ਹੈ ਕਿ ਭਾਈ ਹਿੰਮਤ ਸਿੰਘ ਜੀ ਇਸੇ ਝੀਵਰ ਦੀ ਕੁਲ ਵਿੱਚੋਂ ਸਨ। ਬ੍ਰਾਹਮਣਾਂ ਦੇ ਸ਼ੰਕੇ ਤਾਂ ਦੂਰ ਹੋਏ। ਹੁਣ ਰਾਮ ਰਾਇ ਦੇ ਹਮਾਇਤੀ ਬਾਦਸ਼ਾਹ ਦੀ ਸ਼ੰਕਾ ਨਿਵਿਰਤੀ ਕਰਨੀ ਸੀ।

ਦਿੱਲੀ ਪਹੁੰਚ ਕੇ ਆਪਨੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਡੇਰੇ ਲਾਏ। ਔਰੰਗਜ਼ੇਬ ਨਾਲ ਮੇਲ ਨਾ ਕਰਨ ਬਾਰੇ ਆਪਣਾ ਦ੍ਰਿੜ ਨਿਸਚਾ ਤਾਂ ਪਹਿਲਾਂ ਹੀ ਦੱਸ ਚੁੱਕੇ ਸਨ। ਹੁਣ ਲੋੜ ਸੀ ਦਿੱਲੀ ਪਤੀ ਨੂੰ ਆਪਣੇ ਨਿਸਚੇ ਦੀ ਦ੍ਰਿੜ੍ਹਤਾ ਬਾਰੇ ਨਿਸਚਾ ਕਰਾਉਣ ਦੀ। ਪਿਤਾ ਗੁਰੂ ਜੀ ਦਾ ਆਦੇਸ਼ ਕਿ ਦਰਸ਼ਨ ਨਹੀਂ ਦੇਣੇ, ਕਰਾਮਾਤ ਨਹੀਂ ਵਿਖਾਉਣੀ। ਇਸ ਉਪਦੇਸ਼ ਉਤੇ ਆਪ ਪਹਿਰਾ ਦੇ ਰਹੇ ਸਨ। ਔਰੰਗਜ਼ੇਬ ਨੇ ਪੂਰੀ ਵਾਹ ਲਾਈ ਆਪ ਦੇ ਦਰਸ਼ਨ ਕਰਨ ਲਈ ਪਰ ਆਪ ਦਾ ਉੱਤਰ ਸਦਾ ਨਾਂਹ ਵਿਚ ਹੀ ਹੁੰਦਾ। ਇੱਕ ਸਵੇਰ ਉਹ ਅੱਧੀ ਘੜੀ ਆਪਦੇ ਦਰ ਤੇ ਖੜਾ ਰਿਹਾ ਪਰ ਅੰਤ ਨਿਰਾਸ਼ ਹੋ ਕੇ ਵਾਪਸ ਚਲਾ ਗਿਆ। ਜੇ ਦਰਸ਼ਨ ਨਹੀਂ ਸੀ ਕਰ ਸਕਦਾ ਤਾਂ ਕਰਾਮਾਤ ਉਸ ਕੀ ਵੇਖਣੀ ਸੀ ? ਫਿਰ ਵੀ ਉਸਨੇ ਜੈ ਸਿੰਘ ਰਾਹੀਂ ਕਰਾਮਾਤੀ ਸ਼ਕਤੀ ਦੀ ਪਰਖ ਕਰਨ ਦਾ ਯਤਨ ਕੀਤਾ। ਗੋਲੀਆਂ ਦੇ ਭੇਸ ਵਿਚ, ਗੋਲੀਆਂ ਨਾਲ ਘਿਰੀ ਰਾਣੀ ਦੀ ਪਛਾਣ ਕਰਵਾ ਕੇ, ਗੁਰੂ ਜੀ ਦੀ ਅੰਤਰਯਾਮਤਾ ਵੇਖ ਰਾਜਾ ਰਾਣੀ ਦੋਵੇਂ ਹੀ ਬਹੁਤ ਸ਼ਰਮਿੰਦੇ ਹੋਏ ਅਤੇ ਹੋਰ ਕੋਈ ਕਰਾਮਾਤ ਵਿਖਾਉਣ ਲਈ ਕਹਿਣ ਦਾ ਹੀਆ ਹੀ ਨਾ ਪਿਆ।

ਔਰੰਗਜ਼ੇਬ ਨੇ ਆਪਣੇ ਛੋਟੇ ਪੁੱਤਰ ਨੂੰ ਇਕ ਵਾਰੀ ਫਿਰ ਗੁਰੂ ਦਰਬਾਰ ਵਿਚ ਭੇਜਿਆ ਤਾਂ ਜੋ ਗੁਰੂ ਜੀ ਨੂੰ ਦਰਸ਼ਨਾਂ ਲਈ ਮਨਾਉਣ ਦਾ ਯਤਨ ਕਰੇ। ਪਰ ਉਸਨੂੰ ਵੀ ਸਫਲਤਾ ਨਾ ਮਿਲੀ ਗੁਰਬਿਲਾਸ ਪਾਤਸ਼ਾਹੀ ਦਸਵੀਂ (ਕ੍ਰਿਤ ਸੁੱਖਾ ਸਿੰਘ) ਵਿਚ ਜ਼ਿਕਰ ਆਉਂਦਾ ਹੈ ਕਿ ਸ਼ਾਹਜ਼ਾਦੇ ਵੱਲੋਂ ਬਹੁਤ ਜ਼ੋਰ ਦੇਣ ਤੇ ਪੱਤਰ ਦੇ ਰੂਪ ਵਿੱਚ ਮਾਝ ਰਾਗ ਦੀ ਵਾਰ ਵਿੱਚੋਂ ਇਕ ਸ਼ਲੋਕ ਲਿਖ ਭੇਜਿਆ :-

ਸਲੋਕ ਮ: ੧.  
ਕਿਆ ਖਾਧੈ ਕਿਆ ਪੈਧੈ ਹੋਇ।।  
ਜਾ ਮਨਿ ਨਾਹੀ ਸਚਾ ਸੋਇ।।  
ਕਿਆ ਮੇਵਾ ਕਿਆ ਘਿਉ ਗੁੜ ਮਿੱਠਾ  
ਕਿਆ ਮੈਦਾ ਕਿਆ ਮਾਸੁ।।  
ਕਿਆ ਕਪੜੁ ਕਿਆ ਸੇਜ ਸੁਖਾਲੀ  
ਕੀਜਹਿ ਭੋਗ ਬਿਲਾਸ।।  
ਕਿਆ ਲਸਕਰ ਕਿਆ ਨੇਬ ਖਵਾਸੀ  
ਆਵੈ ਮਹਲੀ ਵਾਸੁ।।  
ਨਾਨਕ ਸਚੇ ਨਾਮ ਵਿਣੁ  
ਸਭੇ ਟੋਲ ਵਿਣਾਸੁ।। (੧੪੨)

ਆਲਮਗੀਰ ਬਾਦਸ਼ਾਹ ਦੇ ਪਾਪੀ ਹੀਅਰੇ ਉਤੇ



www.AKJ.Org

ਇਸ ਤਿੱਖੇ ਤੀਰ ਦੀ ਚੋਭ ਲਾਉਣੀ ਕਿੰਨੇ ਸਾਹਸ ਕਿੰਨੀ, ਨਿਰਭੈਤਾ, ਕਿੰਨੀ ਦਲੇਰੀ ਅਤੇ ਕਿੰਨੀ ਵੀਰਤਾ ਦਾ ਕਾਰਜ ਸੀ। ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ। ਇਸੇ ਲਈ ਇਸ ਨੂੰ ਗੁਰ ਇਤਿਹਾਸ ਵਿਚ ਪਹਿਲਾ ਜ਼ਫਰ ਨਾਮਾ ਆਖਿਆ ਜਾਂਦਾ ਹੈ। ਦੂਸਰਾ ਜ਼ਫਰਨਾਮਾ ਲਿਖਿਆ ਸੀ ਦਸਮੇਸ਼ ਪਿਤਾ ਨੇ। ਬਾਲ ਗੁਰੂ ਬਾਰੇ ਔਰੰਗਜ਼ੇਬ ਦੇ ਸਾਰੇ ਭੁਲੇਖੇ ਦੂਰ ਹੋਏ। ਉਸਨੂੰ ਮੰਨਣਾ ਪਿਆ ਕਿ ਇਹ ਸਰੂਪ ਮਾਸੂਮ ਬਾਲਕ ਦਾ ਨਹੀਂ, ਕਿਸੇ ਵੀਰ ਯੋਧੇ ਦਾ ਹੈ।

ਆਪਦੇ ਦਿੱਲੀ ਆਉਣ ਦਾ ਇੱਕ ਹੋਰ ਲੁਪਤ ਮਿਸ਼ਨ ਵੀ ਪ੍ਰਤੀਤ ਹੁੰਦਾ ਹੈ। ਦਿੱਲੀ ਵਿੱਚ ਇੱਕ ਲਾਇਲਾਜ ਬਿਮਾਰੀ ਫੈਲ ਗਈ ਸੀ ਜਿਸਨੂੰ ਸੀਤਲਾ ਕਹਿੰਦੇ ਸਨ। ਛੂਤ ਦੀ ਇਸ ਬਿਮਾਰੀ ਤੋਂ ਤ੍ਰਹਿੰਦੇ ਹੋਏ ਲੋਕ ਰੋਗੀ ਦੇ ਨੇੜੇ ਨਹੀਂ ਸਨ ਜਾਂਦੇ । ਗਲੀਆਂ ਮੱਹਲਿਆਂ ਵਿਚ ਰੋਜ਼ ਮੌਤਾਂ ਹੋ ਰਹੀਆਂ ਸਨ। ਗੁਰੂ ਜੀ ਨੇ ਲੱਕ ਬੰਨ੍ਹ ਲਿਆ ਅਤੇ ਦਿਨ ਰਾਤ ਇੱਕ ਕਰਕੇ ਰੋਗੀਆਂ ਦੀ ਤੀਮਾਰਦਾਰੀ ਕਰਨ ਲੱਗੇ। ਥਾਂ ਥਾਂ ਲੰਗਰ ਚਲਾ ਦਿੱਤੇ ਤਾਂ ਜੋ ਕੋਈ ਭੁੱਖਾ ਨਾ ਰਹੇ.। ਲੋੜ ਅਨੁਸਾਰ ਦੁਆਦਾਰੂ ਦਾ ਪ੍ਰਬੰਧ ਵੀ ਕੀਤਾ ਗਿਆ। ਆਪ ਦੀ ਛੋਹ ਅਤੇ ਆਪ ਦੀ ਦ੍ਰਿਸ਼ਟੀ ਵਿਚ ਹੀ ਰੋਗ ਨਿਵਿਰਤੀ ਦੀ ਸ਼ਕਤੀ ਪ੍ਰਬਲ ਸੀ। ਰੋਗੀਆਂ ਦੇ ਹਿਰਦੇ ਆਪ ਜੀ ਦੇ ਦਰਸ਼ਨਾਂ ਅਤੇ ਸਪਰਸ਼ ਨਾਲ ਠਰ ਜਾਂਦੇ, ਰੋਗ ਮਿਟ ਜਾਂਦਾ। ਹਿਰਦਾ ਸ਼ਾਂਤ ਹੋ ਜਾਂਦਾ। ਆਪ ਜੀ ਦੀ ਚਰਨ ਪਾਹੁਲ ਲਈ ਲੋਕ ਤਾਂਘਦੇ ਸਨ। ਤਪਦੇ ਹਿਰਦੇ ਸ਼ਾਂਤ ਕਰਨ ਅਤੇ ਦੁਖੀਆਂ ਦੇ ਦੁੱਖ ਦੂਰ ਕਰਨ ਲਈ ਆਪਨੇ ਜੈ ਸਿੰਘ ਦੇ ਬੰਗਲੇ ਵਿਚ ਹੀ ਇਕ ਚੁੱਬਚਾ ਬਣਵਾਇਆ ਜਿਸ ਵਿਚ ਆਪ ਦੀ ਚਰਨ ਛੋਹ ਵਾਲਾ ਜਲ ਦਿਨ ਰਾਤ ਮੁਹਈਆ ਕਰਵਾਉਂਦੇ ਰਹੇ। ਅੱਜ ਤੱਕ ਇਹ ਚੁਬੱਚਾ ਮੌਜੂਦ ਹੈ।

ਰੋਗੀਆਂ ਦੀ ਸੇਵਾ ਕਰਦਿਆਂ ਹੋਇਆ ਇਕ ਹੋਰ ਕੌਤਕ ਵਰਤਿਆ। ਕੌਣ ਜਾਣੇ ਘਟਨਾ ਦੇ ਰਹਸਯ ਨੂੰ, ਪਰ ਸੰਸਾਰਕ ਦ੍ਰਿਸ਼ਟੀ ਤੋਂ ਆਪ ਉਤੇ ਛੂਤ ਦੀ ਬਿਮਾਰੀ ਦਾ ਅਸਰ ਹੋ ਗਿਆ। ਰੋਗ ਗ੍ਰਸਤ ਹੋ ਕੇ ਆਪ ਮੰਜੇ ਉਤੇ ਪੈ ਗਏ । ਇਸ ਰੋਗ ਵਿਚ ਬੁਖ਼ਾਰ ਵੀ ਤੇਜ਼ ਹੋ ਜਾਂਦਾ ਹੈ ਅਤੇ ਕਈ ਵਾਰੀ ਘੂਕੀ ਵੀ ਚੜ੍ਹ ਜਾਂਦੀ ਹੈ। ਗੁਰੂ ਜੀ ਉਤੇ ਵੀ ਇਹ ਅਵਸਥਾ ਤਾਰੀ ਹੋਈ। ਇਸੇ ਰੋਗ ਨੂੰ ਭੋਗਦਿਆਂ ਆਪ ਜੋਤੀ ਜੋਤ ਸਮਾਂ ਗਏ ਸਨ।

ਇਸ ਘਟਨਾ ਬਾਰੇ ਕਈ ਸਿਖਾਂ ਵੱਲੋਂ ਕਿੰਤੂ ਕੀਤਾ ਜਾਂਦਾ ਹੈ। ਗੁਰਵਾਕ ਹੈ : *ਸਰਬ ਰੋਗ ਕਾ ਅਉਖਦ ਨਾਮ।* ਇਹ ਵੀ ਗੁਰਵਾਕ ਹੈ:*ਗੁਰ ਸਾਗਰ ਰਤਨੀ ਭਰਪੂਰੇ।* ਨਾਮ ਸਾਰੇ ਰੋਗਾਂ ਦੀ ਦੁਆਈ ਹੈ। ਗੁਰੂ ਜੀ ਨੇ ਨਾਮ -ਸੱਤਾ ਨਾਲ ਹੀ ਰੋਗੀਆਂ ਦੇ ਰੋਗ ਦੂਰ ਕੀਤੇ ਸਨ। ਆਪ ਨਾਮ ਰੂਪੀ ਰਤਨਾਂ ਦੇ ਭਰਪੂਰ ਸਮੁੰਦਰ ਹੁੰਦਿਆਂ ਹੋਇਆ, ਛੂਤ ਦੀ ਬਿਮਾਰੀ ਦੇ ਘੇਰੇ ਵਿਚ ਕਿਵੇਂ ਆ ਗਏ? ਗੁਰੂ ਦੀਆਂ ਗੁਰੂ ਜਾਣੇ। ਇਸ ਘਟਨਾ ਵਿਚ ਵੀ ਕੋਈ ਡੂੰਘਾ ਰਹੱਸ ਛੁਪਿਆ ਹੋਇਆ ਪ੍ਰਤੀਤ ਹੁੰਦਾ ਹੈ। ਗੁਰ ਇਤਿਹਾਸ ਵਿਚ ਹੋਰ ਵੀ ਅਜਿਹੀਆਂ ਘਟਨਾਵਾਂ ਹਨ ਜਿਨ੍ਹਾਂ ਦੇ ਪਿਛੋਕੜ ਵਿੱਚ ਕੋਈ ਰਾਜ਼ ਹੁੰਦਾ ਸੀ। ਬਾਬਰ ਦੀ ਕੀ ਹਿੰਮਤ ਸੀ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜੇਲ ਵਿਚ ਪਾਉਂਦਾ। ਪਰ ਗੁਰੂ ਨਾਨਕ ਨੇ ਕੈਦੀ ਬਣਕੇ ਕਿੱਸੇ ਆਦਰਸ਼ ਦੀ ਪੂਰਤੀ ਕਰਨੀ ਸੀ। ਪੰਚਮ ਪਾਤਸ਼ਾਹ ਨ ਗੁਰੂ ਘਰ ਦੀ ਮਾਨ ਮਰਯਾਦਾ ਭੰਗ ਹੋਈ ਵੇਖਕੇ, ਸੰਗਤ ਦੇ ਹੁਕਮ ਨਾਲ ਚੰਦੂ ਨਾਲੋਂ ਨਾਤਾ ਤੋੜਿਆਂ। ਸਿੱਟੇ ਵਜੋਂ ਤਪਦੀਆਂ ਲੋਹਾਂ ਉਤੇ ਬੈਠੇ, ਉਬਲਦੀ ਦੇਗ ਵਿਚ ਉਬਲੇ, ਦੇਹੀ ਛਾਲੇ ਛਾਲੇ ਕਰਵਾ ਲਈ, ਪਰ ਸ਼ਾਤੀ ਦੇ ਪੁੰਜ ਰਹੇ ਸ਼ਾਤੀ ਦੀਆਂ ਇਨ੍ਹਾਂ ਨੀਹਾਂ ਉਤੇ ਹੀ ਸ਼ਹੀਦੀ ਮਹਿਲ ਦੀ ਉਸਾਰੀ ਹੋਈ। ਜੇ ਆਪ ਚਾਹੁੰਦੇ ਤਾਂ ਆਪਣੀ ਦੇਹੀ ਨੂੰ ਇਨ੍ਹਾਂ ਕਸ਼ਟਾਂ ਤੋਂ ਬਚਾ ਸਕਦੇ ਸਨ। ਦੁਖ ਤੋਂ ਬਚਣ ਲਈ ਅਰਦਾਸ ਨਹੀਂ ਕੀਤੀ ਸਗੋਂ ਫ਼ਰਮਾਇਆ :

ਤੇਰਾ ਕੀਆ ਮੀਠਾ ਲਾਗੈ।।
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ।। (੩੯੪)

ਆਪ ਸਿਖਾਂ ਨੂੰ ਪੂਰਨੇ ਪਾ ਕੇ ਦੇ ਰਹੇ ਸਨ ਕਿ ਆਦਰਸ਼ ਦੀ ਪੂਰਤੀ ਅਤੇ ਪਤ ਅਬਰੋ ਨੂੰ ਕਾਇਮ ਰਖੱਣ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸਦੇ ਨਾਲ ਨਾਲ ਸੰਗਤ ਦੀ ਮਹਾਨਤਾ ਵੀ ਦ੍ਰਿੜ੍ਹਾਈ ਜਾ ਰਹੀ ਸੀ। ਆਪਦੇ ਪੂਰਨਿਆਂ ਤੇ ਚਲਦਿਆ ਹੋਇਆ ਭਵਿੱਖ ਵਿਚ ਸਿਖਾਂ ਨੇ ਵੀ ਰੂੰ ਵਿਚ ਲਿਪਟੀ ਕੇ ਅਤੇ ਜੰਡਾਂ ਨਾਲ ਬੱਝ ਕੇ ਸੜਨਾ ਪਰਵਾਨ ਕਰ ਲਿਆ ਪਰ ਸਿਰੜ ਨਹੀ ਛੱਡਿਆ। ਭਾਈ ਦਯਾਲਾ ਜੀ ਦੇਗ ਵਿਚ ਉਬਲਦੇ ਹੋਏ ਸਿਮਰਨ ਵਿਚ ਲੀਨ ਰਹੇ। ਸ਼ਹੀਦੀਆਂ ਦੀ ਅਨੰਤ ਲੜੀ ਆਰੰਭ ਹੋ ਗਈ। ਅਠਵੇਂ ਪਾਤਸ਼ਾਹ ਨੇ ਵੀ ਲੋਕ ਸੇਵਾ ਅਤੇ ਰੋਗੀਆਂ ਦੀ ਸਹਾਇਤਾ ਲਈ ਆਪਾ ਕੁਰਬਾਨ ਕਰਨ ਦੇ ਪੂਰਨੇ ਪਾਉਂਣੇ ਸਨ। ਆਪ ਰੋਗੀਆਂ ਦੀ ਸੇਵਾ ਵਿਚ ਇੰਨੇ ਮਗਨ ਰਹੇ ਕਿ ਸਿਹਤ ਦੀ ਕੋਈ ਪਰਵਾਹ ਨਹੀਂ ਕੀਤੀ। ਕੌਤਕ ਰਚਾਇਆ, ਸੀਤਲਾ ਅੰਗੀਕਾਰ ਕੀਤੀ ਅਤੇ ਸਰੀਰ ਤਿਆਗਿਆ। ਕਥਨੀ ਤੇ ਕਰਨੀ ਵਿਚ ਇਕਸੁਰਤਾ ਦਾ



www.AKJ.Org

ਪਾਠ ਵੀ ਪੜ੍ਹਾਉਣਾ ਸੀ।

ਕਈ ਇਤਿਹਾਸਕਾਰਾਂ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪ ਦੀ ਬੇਹੋਸ਼ੀ ਦਾ ਵਰਣਨ ਕੀਤਾ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਆਪ ਵੱਲੋਂ ਬੋਲੇ ਸ਼ਬਦ 'ਬਾਬਾ ਬਕਾਲੇ' ਬੇਸੁਰਤੀ ਵਿੱਚ ਦਿੱਤਾ ਅਸਪਸ਼ਟ ਸੰਕੇਤ ਸੀ ਜਿਸ ਕਰਕੇ ਹੋਰ ਸੋਢੀਆਂ ਨੇ ਫ਼ਾਇਦਾ ਉਠਾਉਣ ਦਾ ਯਤਨ ਕੀਤਾ ਅਤੇ ਬਕਾਲਾ ਵਿਖੇ ਗੱਦੀਆਂ ਲਾ ਕੇ ਆਪਣੇ ਆਪ ਨੂੰ ਗੁਰੂ ਜ਼ਾਹਿਰ ਕਰਨ ਲੱਗੇ। ਜਿਵੇਂ ਬਾਲ ਗੁਰੂ ਹੋਣ ਕਰਕੇ ਕਚਿਆਂ ਪਿੱਲਿਆ ਅਤੇ ਵਿਰੋਧੀਆਂ ਦੇ ਮਨਾਂ ਵਿਚ ਸ਼ੰਕੇ ਉਤਪੰਨ ਹੋਏ ਸਨ, ਉਸੇ ਤਰ੍ਹਾਂ ਅਖੌਤੀ 'ਬੇਹੋਸ਼ੀ' ਦਾ ਆਸਰਾ ਲੈ ਕੇ ਗੁਰਗੱਦੀ ਦੇ ਦਾਅਵੇਦਾਰ ਖੁੰਬਾਂ ਵਾਂਗ ਉੱਠ ਬੈਠੇ। ਹੁਣ ਗੁਰੂ ਦੀ ਚੋਣ ਵਾਲੀ ਪਰਖ ਪ੍ਰਕਿਰਿਆ ਵਿਚੋਂ ਸਿਖਾਂ ਨੂੰ ਲੰਘਾਇਆਂ ਜਾਣਾ ਸੀ ਅਤੇ ਸੱਚ ਝੂਠ ਦਾ ਨਿਤਾਰਾ ਜੋਤ ਦੇ ਪ੍ਰਕਾਸ਼ ਦੁਆਰਾ ਹੋਣਾ ਸੀ। ਕੋਈ ਸੰਕੇਤ ਅਸਪਸ਼ਟ ਜਾਂ ਧੁੰਧਲਾਂ ਨਹੀਂ ਸੀ। ਆਪਨੇ ਪੂਰੀ ਸਾਵਧਾਨਤਾ ਨਾਲ ਪੰਜ ਪੈਸੇ ਤੇ ਨਰੇਲ ਮੰਗਵਾ ਕੇ ਲੇਟਿਆਂ ਲੇਟਿਆਂ ਹੀ ਨਮਸਕਾਰ ਕੀਤੀ। ਹੱਥ ਨਾਲ ਗੋਲਾਈ ਨਾਲ ਪਰਕਰਮਾਂ ਕਰ ਵਿਖਾਈਆਂ। ਪੈਸੇ ਅਤੇ ਨਰੇਲ ਦੇ ਕੇ ਸਿੱਖਾਂ ਨੂੰ 'ਬਾਬਾ ਬਕਾਲੇ' ਕਹਿਕੇ ਗੁਰੂ ਬਾਬੇ ਦੀ ਸੇਵਾ ਵਿਚ ਭੇਜਿਆ। ਬਾਲ ਗੁਰੂ ਉਤੇ ਸ਼ੰਕਾ ਕਰਨ ਵਾਲਿਆ ਨੇ, ਹੁਣ ਚੁਸਤ, ਚਾਲਾਕ ਅਤੇ ਪੌੜ੍ਹ ਅਵਸਥਾ ਵਿਚ ਪਹੁਚ ਚੁੱਕੇ ਭੇਖੀ ਤੇ ਦੰਭੀ ਗੁਰੂਆਂ ਦੀ ਪਰਖ ਉਪਰੰਤ ਸੱਚੇ ਗੁਰੂ ਦੀ ਭਾਲ ਕਰਨ ਵਾਲੇ ਸਿਖਾਂ ਦੇ ਸਿਦਕ ਦਾ ਨਜ਼ਾਰਾ ਵੀ ਵੇਖਣਾ ਸੀ। ਨਾ ਬੇਹੋਸ਼ੀ ਸੀ, ਨਾ ਅਸਪਸ਼ਟ ਸ਼ੰਕੇਤ ਸੀ। ਇਹ ਤਾਂ ਇਕ ਕੌਤਕ ਸੀ। ਸ਼ਰਧਾ, ਵਿਸ਼ਵਾਸ, ਪ੍ਰੇਮ ਅਤੇ ਸਿਦਕ ਨਾਲ ਸਿੱਖੀ ਦੇ ਰਾਹ ਵਿਚ ਵਿਛੇ ਕੰਢਿਆਂ ਨੂੰ ਹੂੰਝਾਂ ਫੇਰ ਕੇ ਪਾਸੇ ਕਰਨ ਦਾ। ਗੁਰਿਆਈ ਦੇ ਦਾਅਵੇਦਾਰ ਦੋਖੀ ਆਪਣਾ ਜਿਹਾ ਮੂੰਹ ਲੈ ਕੇ ਚਲਦੇ ਬਣੇ। ਜੇ ਕਿਸੇ ਨੇ ਪਿਛੋਂ ਟੰਟਾ ਖੜਾ ਕੀਤਾ ਵੀ ਤਾਂ ਢੱਠੇ ਹੋਏ ਦਿਲ ਨਾਲ ਕਿਉਂਕਿ ਅੰਦਰੋਂ ਤਾਂ ਉਨ੍ਹਾਂ ਨੂੰ ਕਮਜ਼ੋਰੀ ਦਾ ਅਹਿਸਾਸ ਹੋ ਹੀ ਚੁਕਿਆ ਸੀ। ਧੰਨ ਗੁਰੂ ਅਤੇ ਧੰਨ ਗੁਰੂ ਦੀ ਬੇਹੋਸ਼ੀ ਜਿਸਨੇ ਬਿਨਾਂ ਕਿਸੇ ਤਰਦੱਦ ਦੇ ਇੰਨਾ ਵੱਡਾ ਕਾਰਨਾਮਾ ਕਰ ਵਿਖਾਇਆ। ਪ੍ਰਾਣ ਤਿਆਗਣ ਲਈ ਸੀਤਲਾ ਅੰਗੀਕਾਰ ਕਰਨੀ ਅਤੇ ਨੌਵੇਂ ਗੁਰੂ ਦੀ ਤਾਜਪੋਸ਼ੀ ਲਈ ਬੇਹੋਸ਼ੀ ਵਾਲਾ ਕੌਤਕ ਵਰਤਾਉਣਾ, ਦੋਵੇਂ ਕਾਰਨਾਮੇ ਹੀ ਬੀਰਤਾ ਦੀ ਸਿਖ਼ਰ ਨੂੰ ਛੋਂਹਦੇ ਹਨ।।

ਔਰੰਗਜ਼ੇਬ ਵਲੋਂ ਘੜੀ ਮੁੜੀ ਦਰਸ਼ਨਾਂ ਲਈ ਬੇਨਤੀਆਂ ਕਰਨ ਵਾਸਤੇ ਕਦੇ ਕਿਸੇ ਅਤੇ ਕਦੇ ਕਿਸੇ ਨੂੰ ਭੇਜਣਾ। ਆਪ ਵੀ ਦਰ ਤੇ ਆ ਕੇ ਖੜੇ ਰਹਿਣਾ। ਇਹ ਸਭ ਲੋਕ ਸੇਵਾ ਵਿਚ ਵਿਘਨ ਪਾਉਣ ਵਾਲੀ ਗੱਲ ਸੀ। ਪ੍ਰੋ: ਪੂਰਨ ਸਿੰਘ ਦੇ ਵਿਚਾਰ ਅਨੁਸਾਰ ਸੀਤਲਾ ਅੰਗੀਕਾਰ ਕਰਨ ਵਾਲੀ ਘਟਨਾ ਗੁਰੂ ਜੀ ਵੱਲੋਂ ਰੋਸ ਦਾ ਪ੍ਰਗਟਾਵਾ ਮਾਤ੍ਰ ਸੀ। ਇੰਨਾ ਵੱਡਾ ਰੋਸ ਮਈ ਸਤਿਆ ਗ੍ਰਹਿ ਕੀ ਵੀਰਤਾ ਦਾ ਚਿੰਨ੍ਹ ਨਹੀਂ ?

ਭਾਈ ਗੁਰਦਾਸ (ਦੂਜਾ) ਨੇ ਵੀ ਲਿਖਿਆ ਕਿ ਕੋਈ ਰੋਗ ਨਹੀਂ ਸੀ ਚੰਬੜਿਆਂ।ਇਹ ਵੀ ਇਕ ਕੌਤਕ ਸੀ:

> ਹਰਿ ਕ੍ਰਿਸ਼ਨ ਭਯੋ ਅਸ਼ਟਮ ਬਲਬੀਰਾ
> ਜਿਨ ਪਹੁੰਚ ਦਿਹਲੀ ਤਜਿਓ ਸਰੀਰਾ
> ਬਾਲ ਰੂਪ ਧਰ ਸ੍ਵਾਂਗ ਰਚਾਯੋ
> ਤਬ ਸਹਿਜੇ ਤਨ ਕੋ ਛੋਡ ਸਿਧਾਯੋ
> ਯੋਂ ਮੁਗਲਨ ਸੀਸ ਪਰੀ ਬਹੁ ਛਾਰਾ
> ਵ੍ਹਇ ਖ਼ੁਦ ਪਤਿ ਸਿਉਂ ਪਹੁੰਚੇ ਦਰਬਾਰਾ
>
> (ਵਾਰ ੪੧, ਪਉੜੀ-੨੧)

ਆਦਰਸ਼ਾਂ ਦੀ ਖ਼ਾਤਰ ਜੀਉਣਾ। ਆਦਰਸ਼ ਪੂਰਤੀ ਈ ਜਾਨ ਵਾਰਨ ਵਾਸਤੇ ਤਿਆਰ ਹੋ ਜਾਣਾ ਹੀ ਅਸਲ ਬਹਾਦਰੀ ਹੈ। ਰਾਮਰਾਇ ਨੇ ਗੁਰੂ ਪਿਤਾ ਹੁਕਮ ਨਾ ਮੰਨਿਆ। ਅੰਤ ਔਰੰਗਜ਼ੇਬ ਦੀ ਅਧੀਨਗੀ ਪਰਵਾਨ ਕਰਨੀ ਪਈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਗੁਰੂ ਪਿਤਾ ਦੀ ਇੱਛਾ ਪੂਰਤੀ ਲਈ ਆਪਾ ਵਾਰ ਵਿਖਾਇਆ। ਗੁਰੂ ਦਾ ਲੜ ਨਾ ਛਡਿਆ। ਇਕ ਅਕਾਲ ਦੇ ਭਰੋਸੇ ਰਹਿਕੇ ਸਾਰੀ ਕਾਰ ਨਿਭਾਈ। ਅੰਤਰ ਵੇਖੋ । ਰਾਮਰਾਇ ਔਰੰਗਜ਼ੇਬ ਦੇ ਦਰ ਉੱਤੇ ਮੱਥੇ ਰਗੜਦਾ ਤੇ ਬੇਇੱਜ਼ਤ ਹੁੰਦਾ। ਸੱਚੇ ਪਾਤਸ਼ਾਹ ਦੇ ਤਰ ਤੇ ਔਰੰਗਾਂ ਨੱਕ ਰਗੜਦਾ ਰਿਹਾ ਪਰ ਨਿਰਾਸ਼ ਹੋ ਕੇ ਵਾਪਸ ਜਾਣਾ ਪਿਆ। 'ਹੁਕਮ ਮੰਨਿਐ ਹੋਵ ਪਰਵਾਨ' ਦਾ ਸਬਕ ਕਿਸ ਭਾਂਤ ਦ੍ਰਿੜ ਕਰਵਾਇਆ। ਸੱਤ ਜੁਲਾਈ ਸੋਲਾਂ ਸੋ ਛਪੰਜਾਂ ਪ੍ਰਕਾਸ਼ ਦਿਹਾੜਾ ਅਤੇ ਤੀਹ ਮਾਰਚ ਸੋਲਾਂ ਸੋ ਚੌਹਠ ਜੋਤੀ ਜੋਤ ਸਮਾਉਣ ਦਾ ਦਿਨ। ਇੰਨੀ ਛੋਟੀ ਸੰਸਾਰ ਯਾਤਰਾ ਵਿਚੋਂ ਲਗ ਭਗ ਢਾਈ ਸਾਲ ਗੁਰਿਆਈ ਪਦ ਉਤੇ ਸੁਸ਼ੋਭਿਤ ਹੋਕੇ ਕਿੰਨੇ ਅਕਥਨੀਯ ਕਾਰਜ ਪੂਰੇ ਕਰ ਵਿਖਾਏ।

ਆਪ ਜੀ ਦੀਆਂ ਘਾਲਨਾਵਾਂ ਵੱਲ ਧਿਆਨ ਕੇਂਦ੍ਰਿਤ ਕਰਕੇ ਹੀ ਦਸਮ ਪਾਤਸ਼ਾਹ ਨੇ ਫ਼ਰਮਾਇਆ :

> ਸ੍ਰੀ ਹਰਿ ਕ੍ਰਿਸ਼ਨ ਧਿਆਈਐ
> ਜਿਸੁ ਡਿਠੇ ਸਭ ਦੁਖ ਜਾਇ।।


www.AKJ.Org

## ਜਿਸ ਡਿਠੇ ਸਭਿ ਦੁਖਿ ਜਾਇ

(ਪ੍ਰੋਫੈਸਰ ਜੋਗਿੰਦਰ ਸਿੰਘ ਜੀ)

'ਜਿਸ ਡਿਠੇ ਸਭਿ ਦੁਖਿ ਜਾਇ' ਇਹ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਚੰਡੀ ਦੀ ਵਾਰ ' 'ਜਿਸ ਨੂੰ 'ਭਗਉਤੀ ਦੀ ਵਾਰ' ਵੀ ਆਖਿਆ ਜਾਂਦਾ ਹੈ, ਦੀ ਪਹਿਲੀ ਪਉੜੀ ਨਾਲ ਹੀ 'ਸਿੱਖ ਅਰਦਾਸ' ਆਰੰਭ ਹੁੰਦੀ ਹੈ। ਜਿਵੇਂ 'ਚੰਡੀ ਦੀ ਵਾਰ' ਸਿਰਜਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ 'ਜੋਤਿ' ਦੀਆਂ ਪ੍ਰਤੀਨਿਧ ਤੇ ਪਹਿਲੀਆਂ ਗੁਰੂ ਸਖਸ਼ੀਅਤਾਂ ਦੀ ਉਸਤਤ ਜਾਂ ਮਹਿਮਾ ਦਰਸਾ ਕੇ, ਦੈਵੀ ਆਦਰਸ਼ਾਂ ਦੀ ਫਤਿਹ ਲਈ, ਬਖਸ਼ਿਸ਼ ਤੇ ਸਹਾਇਕ ਵਰਦਾਨ ਪ੍ਰਾਪਤ ਕੀਤਾ ਹੈ, ਇਸੇ ਤਰ੍ਹਾਂ ਸਮੁੱਚਾ ਸਿੱਖ ਜਗਤ ਗੁਰੂ ਵਿਰਸੇ ਦੇ ਦਰਸ਼ਨ ਦੀਦਾਰ ਲਈ ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਅਨੇਕਾਂ ਸਚਿਆਰ ਗੁਰਸਿੱਖਾਂ ਅਤੇ ਸ਼ਹੀਦਾਂ ਦੀ ਬਖਸ਼ਿਸ਼ ਅਤੇ ਸਹਾਇਕ ਵਰਦਾਨ ਪ੍ਰਾਪਤ ਕਰਨ ਲਈ ਲਗਾਤਾਰ ਪਿਛਲੇ ਤਿੰਨ ਸੌ ਸਾਲ ਤੋਂ ਸਵੇਰੇ ਸ਼ਾਮ , ਅਰਦਾਸ ਦੀ ਭਾਵਨਾ ਵਿਚ ਜੁੜ ਰਿਹਾ ਹੈ। ਚੰਡੀ ਦੀ ਵਾਰ ਦੀ ਜਾਂ ਸਿੱਖ ਅਰਦਾਸ ਦੀ ਭਾਵਨਾ ਪਹਿਲੀ ਪਉੜੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤਕ ਪਹਿਲੀਆਂ ਨੌਂ ਗੁਰੂ -ਸਖਸ਼ਿਅਤਾਂ ਦਾ, ਤੱਤ ਰੂਪ ਵਿੱਚ ਜਾਂ ਸੰਕੇਤ ਰੂਪ ਵਿਚ ਜਿਥੇ 'ਅਧਿਆਤਮਕ -ਮਹਿਮਾ ਪ੍ਰਗਟਾਉਂਦੀ ਹੈ। ਉਥੇ ਇਸ ਪਉੜੀ ਦੇ ਕੁਝ ਵਾਕ ਅੰਸ਼ ਇਤਿਹਾਸਕ ਤੱਥਾਂ ਨੂੰ ਵੀ ਸੰਭਾਲੀ ਬੈਠੇ ਹਨ।

ਗੁਰੂ-ਸਖਸ਼ੀਅਤਾਂ ਪ੍ਰਥਮ ਰੂਪ ਵਿਚ ਅਧਿਆਤਮਿਕ ਸਨ। ਉਹਨਾਂ ਦੀ ਜੋਤਿ ਤੇ ਜੁਗਤਿ, ਚਿੰਤਨ ਤੇ ਆਦਰਸ਼ ਇਕ ਹੀ ਸੀ ਵਰਣਾਂ, ਉਮਰਾਂ ਤੇ ਜਾਤਾਂ ਦੀ ਬੰਦਸ਼ 'ਗੁਰੂ' ਉਤੇ ਲਾਗੂ ਨਹੀਂ ਹੁੰਦੀ। 'ਗੁਰੂ -ਜੋਤਿ' ਨੇ ਜਿਸ ਹਿਰਦੇ-ਜੋਤਿ ਵਿਚ ਆਪਣੇ ਆਪ ਨੂੰ ਸਮਾ ਲਿਆ, ਉਹ ਸਮੁੱਚੇ ਸਿੱਖ ਜਗਤ ਲਈ 'ਗੁਰੂ' ਪਦ ਨਾਲ ਸ਼ਿੰਗਾਰਿਆਂ ਤੇ ਸਤਿਕਾਰਿਆ ਗਿਆ। ਸਿੱਖ-ਜਗਤ ਵਿਚ ਪ੍ਰਵਾਨਗੀ ਤੇ ਦੁੱਖ-ਕਲੇਸ਼ ਤੇ ਸੰਕਟ ਹਰਨ ਦੀ ਸਮਰਥਾ ਕੇਵਲ 'ਗੁਰੂ' ਕੋਲ ਹੀ ਹੈ-ਕਿਸੇ ਵਿਅਕਤੀ ਜਾਂ ਸਰਕਾਰੀ ਅਧਿਕਾਰੀ ਕੋਲ ਨਹੀਂ। ਸਿੱਖ -ਜਗਤ ਹੀ ਨਹੀਂ, ਸਿੱਖ ਵਿਰਸਾ ਤੇ ਅਰਦਾਸ ਵੀ ਸਦਾ ਗੁਰੂ -ਕੇਂਦਰਿਤ ਹੀ ਰਹੀ ਹੈ। 'ਗੁਰੂ-ਜੋਤਿ' ਦੀ ਵਿੱਲਖਣਤਾ ਹੀ ਇਹ ਸੀ ਕਿ ਉਹ ਅਧਿਆਤਮਿਕ ਸਰੂਪ ਰੱਖਣ ਦੇ ਬਾਵਜੂਦ ਵੀ ਸਮਾਜਕ ਤੇ ਰਾਜਨੀਤਕ ਸਥੀਤੀਆਂ ਵਿਚ ਪੂਰੀ ਨਿਰਮਲਤਾ ਤੇ ਨਿਡਰਤਾ ਨਾਲ ਵਿਚਰਦੀ ਸੀ, 'ਗੁਰੂ -ਜੋਤਿ' ਨੇ ਪ੍ਰਭੂ-ਹੁਕਮਾਂ ਤੇ ਦੈਵੀ ਆਦਰਸ਼ਾਂ ਦੀ ਫਤਹ ਨੂੰ ਸਦਾ ਪ੍ਰਥਮ ਰਖਿਆ। 'ਜਿਸ ਡਿਠੇ ਸਭਿ ਦੁਖਿ ਜਾਇ' ਵਾਕ-ਅੰਸ਼ ਜਿਥੇ ਅਧਿਆਤਮਿਕ ਦ੍ਰਿਸ਼ਟੀ ਤੋਂ ਦੁੱਖ, ਕਲੇਸ਼ ਤੇ ਸੰਕਟ ਨੂੰ ਨਵਿਰਤ ਕਰਨ ਦੀ ਸਮਰੱਥਾ ਰਖਦਾ ਹੈ, ਉਥੇ ਇਹ ਵਾਕ-ਅੰਸ਼ ਜਦੋਂ ਅਸ਼ਟਮ ਬਲਬੀਰਾ ਸ਼ਖਸੀਅਤ-ਗੁਰੂ ਹਰਿਕ੍ਰਿਸ਼ਨ ਜੀ ਨਾਲ ਜੁੜ ਕੇ ਆਉਂਦਾ ਹੈ, ਤਾਂ ਸਹਿਜੇ ਹੀ ਇਸ ਵਾਕ-ਅੰਸ਼ ਵਿਚ ਭੂਮਿਕਾ ਵਜੋਂ ਛੁਪੀ ਇਤਿਹਾਸਕਤਾ ਵੀ ਪ੍ਰਗਟ ਹੋ ਜਾਂਦੀ ਹੈ।

ਸ੍ਰੀ ਹਰਿਕ੍ਰਿਸ਼ਨ ਧਿਆਇਐ
ਜਿਸ ਡਿਠੇ ਸਭਿ ਦੁਖਿ ਜਾਇ।।

ਇਹ ਗੁਰੂ ਗੋਬਿੰਦ ਸਿੰਘ ਜੀ ਤੇ ਸਿੱਖ ਅਰਦਾਸ ਦਾ ਇਕ ਐਸਾ ਬੋਲ ਹੈ, ਜਿਹੜਾ ਸਮੁੱਚੇ ਸਿੱਖ ਸੰਸਾਰ ਵਿਚ ਬੜੀ ਸ਼ਰਧਾ ਤੇ ਰਸਿਕਤਾ ਨਾਲ ਪੜ੍ਹਿਆ ਵੀ ਜਾਂਦਾ ਹੈ, ਤੇ ਸਮੁੱਚੀ ਮਾਨਵ ਜਾਤੀ ਦੇ ਦੁੱਖ-ਕਲੇਸ਼ ਤੇ ਸੰਕਟ ਨੂੰ ਨਵਿਰਤ ਕਰਨ ਵਿਚ ਬਖਸ਼ਿਸ਼ ਰੂਪ ਵਿਚ 'ਸਹਾਇਕ' ਵੀ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਰਚਿਤ ਜਾਂ ਸਿੱਖ ਅਰਦਾਸ ਦੀ ਇਸ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਨਾਲ 'ਧਿਆਇ', ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਜੀ ਤੇ ਗੁਰੂ ਹਰਿਰਾਇ ਜੀ ਨਾਲ 'ਸਿਮਰੋ' ਪਦ ਜੋੜਿਆ ਗਿਆ ਹੈ। ਕੇਵਲ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੀ ਇਕੋ ਇਕ ਐਸੀ ਸਖਸ਼ੀਅਤ ਹੈ, ਜਿਸ ਨਾਲ 'ਧਿਆਇਐ' ਪਦ ਵੀ ਜੋੜਿਆ ਗਿਆ ਹੈ ਅਤੇ 'ਡਿਠੇ 'ਵੀ। 'ਧਿਆਈਐ' ਪਦ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੀ 'ਅਧਿਆਤਮਿਕਤਾ' ਨੂੰ ਪ੍ਰਗਟਾਂਦਾ ਹੈ ਤੇ 'ਡਿਠੇ' ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੀ 'ਇਤਿਹਾਸਕਤਾ' ਨੂੰ। 'ਧਿਆਈਐ' ਤੋਂ ਭਾਵ ਸਪਸ਼ਟ ਹੈ ਕਿ ਗੁਰੂ ਹਰਿਕ੍ਰਿਸ਼ਨ-ਪਾਤਸ਼ਾਹ ਨੂੰ, ਜੋ ਪੰਜ, ਸਾਲ ਦੀ ਉਮਰ ਵਿਚ ਵੀ, ਜੋਤਿ ਅਤੇ ਜੁਗਤਿ ਦੀ ਦ੍ਰਿਸ਼ਟੀ ਤੋਂ 'ਗੁਰੂ' ਪਦ ਦੇ ਅਧਿਕਾਰੀ ਸਨ, ਆਪਣੀ ਧਿਆਨ-ਅਵੱਸਥਾ ਦਾ ਕੇਂਦਰ ਬਿੰਦੂ ਬਣਾਨਾ ਚਾਹੀਦਾ ਹੈ। ਕਿਉਂਕਿ ਧਿਆਈਐ ਜਾਂ ਧਿਆਨ-ਅਵੱਸਥਾ ਵਿਚ ਲਿਆਉਣ ਨਾਲ ਹੀ 'ਗੁਰੂ' ਜਾਂ ਗੁਰ ਹਰਿਕ੍ਰਿਸ਼ਨ ਜੀ ਅੰਤਰ-ਆਤਮੇ ਵਿਚ ਸਥਿਰ ਹੋ ਸਕਦੇ ਹਨ। ਜੋ ਅੰਦਰ ਹੈ-ਅਧਿਆਤਮਿਕ ਸਤਾ ਉਤੇ ਉਸ ਨੂੰ ਦੇਖਿਆ ਜਾਂ ਵੇਖਿਆ ਜਾ ਸਕਦਾ ਹੈ। ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੂੰ ਧਿਆ ਕੇ ਹੀ ਸੰਪੂਰਨ ਰੂਪ ਵਿਚ ਵੇਖਿਆ ਜਾ ਸਕਦਾ ਹੈ। ਗੁਰੂ ਹਰਿਕ੍ਰਿਸ਼ਨ ਸਾਹਿਬ ਹੋਣ ਜਾਂ ਗੁਰੂ ਜੋਤਿ ਤੋਂ ਪ੍ਰਕਾਸ਼ਮਾਨ ਹੋਈਆਂ ਹੋਰ ਗੁਰੂ-ਸ਼ਖਸੀਅਤਾਂ ਹੋਣ, 'ਗੁਰੂ-ਚਰਿੱਤਰ ਦੇ ਅੰਦਰ


www.AKJ.Org

ਆਉਣ ਨਾਲ 'ਗੁਰੂ' ਦੇ ਸੰਪੂਰਨ ਸਰੂਪ ਦਾ ਦਿਬ ਦੀਦਾਰ ਹੋ ਜਾਂਦਾ ਹੈ। ਗੁਰੂ ਦਾ ਸੰਪੂਰਨ ਦਿੱਬ ਦੀਦਾਰ ਸਮੱਰਥ ਹੈ-ਮਾਨਸ ਜਾਤਿ ਦੇ 'ਸਭਿ ਦੁਖਿ' ਨਵਿਰਤ ਕਰਨ ਲਈ। 'ਸਭਿ ਦੁਖਿ' ਵਿਚ 'ਹਉਮੈਂ' ਵੀ ਆ ਜਾਂਦੀ ਹੈ, ਕਿਉਂਕਿ ਹਉਮੈ ਹੀ 'ਦੁਖਿ' ਦੀ ਬੀਜ ਹੈ। ਜਦੋਂ ਮਾਨਸ ਜਾਤਿ 'ਮੈਂ' ਵਿਚ ਜੀਉਂਦੀ ਹੈ, ਨਿਸਚੇ ਹੀ ਉਸਦਾ ਜੀਵਨ-ਵਿਹਾਰ ਸਦਾ ਦੁਖਿਤ ਰਹਿੰਦਾ ਹੈ। ਜਿਹੜਾ ਹਉਮੈ ਕਰ ਕੇ ਸਦਾ 'ਵਿਗਾਸ' ਤੇ ਅਰੋਗ ਜਾਂ 'ਰੋਗ-ਰਹਿਤ' ਹੋ ਕੇ ਜੀਉਂਦੇ ਹਨ। ਜਿਨ੍ਹਾਂ ਨੇ ਗੁਰੂ ਜਾਂ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੂੰ ਅੰਤ-ਧਿਆਨ ਹੋ ਕੇ ਦੇਖਿਆ ਜਾਂ ਪੇਖਿਆ ਹੈ, ਨਿਸਚੇ ਹੀ ਉਹਨਾਂ ਦੇ ਦੁਖ-ਰੋਗ ਤੇ ਸੰਤਾਪ ਉਤਰ ਗਏ ਹਨ। ਦੁਖ-ਰੋਗ ਤੇ ਸੰਤਾਪ ਦਾ ਮੂਲ ਸਰੋਤ 'ਹਉਮੈਂ' ਹੀ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੂੰ 'ਧਿਆਉਣ' ਤੇ 'ਡਿਠੇ' ਦਾ ਭਾਵ ਹੈ ਕਿ ਹਉਮੈਂ ਤੋਂ ਮੁਕਤ ਹੋਇਆ ਜਾਏ। ਹਉਮੈਂ ਤੋਂ ਮੁਕਤ ਹੋ ਕੇ ਜੀਉਣਾ ਸ਼ੁੱਧ ਰੂਪ ਵਿਚ ਅਧਿਆਤਮਿਕਤਾ ਜਾਂ ਗੁਰੂ ਦੇ ਆਚਾਰ -ਵਿਹਾਰ ਵਿਚ ਜੀਉਣਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੀ ਮਹਿਮਾ 'ਸਭਿ ਦੁਖਿ ਜਾਇ' ਦੇ ਪ੍ਰਸੰਗ ਵਿਚ ਉਜਾਗਰ ਕਰਦੇ ਹਨ, ਤਾਂ ਇਸ ਦਾ ਸਪੱਸ਼ਟ ਭਾਵ ਹੈ ਕਿ ਉਹਨਾਂ ਦੀ ਉਮਰ ਭਾਵੇਂ ਛੋਟੀ ਹੈ, ਪਰ ਉਹਨਾਂ ਦੀ 'ਅਧਿਆਤਮਿਕਤਾ' ਜੋਤਿ ਤੇ ਜੁਗਤਿ, ਚਿੰਤਨ ਤੇ ਆਦਰਸ਼ ਗੁਰੂ-ਪ੍ਰੰਪਰਾ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਅਰਥਾਤ, ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਵੀ ਪੂਰਵਲੀਆਂ ਗੁਰੂ-ਸ਼ਖਸੀਅਤਾਂ ਵਾਂਗ ਸਚਿਆਰ, ਕਰਤਾਰੀ, ਨਿਰਭਉ, ਨਿਰਵੈਰ ਤੇ ਅਕਾਲ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਗੁਰੂ ਹਰਿਕ੍ਰਿਸ਼ਨ ਜੀ ਨਾਲ 'ਡਿਠੇ' ਤੇ 'ਸਭਿ ਜਾਇ' ਤੇ ਪਦ ਕਿਉਂ ਜੋੜੇ ? ਬਾਕੀ ਗੁਰੂ-ਸ਼ਖਸੀਅਤਾਂ ਨਾਲ ਕਿਉਂ ਨਹੀਂ ? ਜਦੋਂ ਕਿ ਗੁਰੂ-ਸ਼ਖਸੀਅਤਾ ਦੇ ਅਧਿਆਤਮਿਕ ਸਮਰੱਥਾ ਇਕੋ ਜਿਹੀ ਹੈ। ਇਸ ਦਾ ਜਵਾਬ ਗੁਰੂ ਹਰਿ ਰਾਇ ਜੀ ਵਲੋਂ 'ਰਾਮਰਾਏ' ਪ੍ਰਤੀ ਕੀਤੇ 'ਹੁਕਮ' ਤੇ ਹਰਿਕ੍ਰਿਸ਼ਨ ਜੀ ਨੂੰ ਦਿਤੇ 'ਵਰਦਾਨ' ਵਿਚੋਂ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ। ਗੁਰੂ ਹਰਿ ਰਾਇ ਜੀ ਨੇ ਆਪਣੇ ਵਡੇ ਸਪੁੱਤਰ ਰਾਮ ਰਾਏ ਨੂੰ ਦਿੱਲੀ ਦਰਬਾਰ ਦੀ ਇੱਛਾ ਅਨੁਸਾਰ ਜਦੋਂ ਦਿੱਲੀ ਭੇਜਿਆ ਤਾਂ ਉਹਨਾਂ ਨੂੰ ਕੁਝ ਆਦਰਸ਼ ਸਮਝਾਏ ਸਨ। ਅਰਥਾਤ, ਗੁਰੂ-ਦਰਬਾਰ ਦੀ ਜੈਕਾਰ ਲਈ ਚਮਤਕਾਰੀ ਜਾਂ ਕਰਾਮਾਤੀ ਕਰੱਤਵ ਨਾ ਕਰਨਾ, ਕਿਸੇ ਲੋਭ-ਲਾਲਚ ਅਧੀਨ ਸ਼ਾਹੀ ਦਰਬਾਰ ਦੀ ਖੁਸ਼ਾਮਦ ਵੀ ਨਾ ਕਰਨਾ, ਬਾਣੀ-ਉਪਦੇਸ਼ਾਂ ਨੂੰ ਸਦਾ ਪ੍ਰਥਮ ਤੇ ਅੰਤਮ ਸੱਚ ਸਮਝਣਾ। ਪਰ ਰਾਮ ਰਾਏ ਦਿੱਲੀ ਦਰਬਾਰ ਦੇ ਜਾਹੋ-ਜਲਾਲ ਸਨਮੁਖ ਝੁਕ ਗਿਆ। ਉਸ ਨੇ ਸ਼ਾਹੀ ਦਰਬਾਰ ਦੀ ਪ੍ਰਸੰਨਤਾ ਲੈਣ ਵਾਸਤੇ ਕਰਾਮਾਤਾਂ ਵੀ ਦਿਖਾਈਆਂ, ਬਾਣੀ-ਸੱਚ ਨੂੰ ਵੀ ਬਦਲਿਆ, ਅਖੀਰ ਖ਼ੁਸ਼ਾਮਦ ਦੀ ਸਿਖਰ ਨੂੰ ਵੀ ਛੋਹਿਆ। ਜਦੋਂ ਗੁਰੂ ਹਰਿ ਰਾਇ ਜੀ ਨੂੰ ਰਾਮਰਾਏ ਦੇ ਚਰਿੱਤਰ ਤੇ ਗਿਰਾਵਟ ਭਰੇ ਕਰਤੱਵਾਂ ਬਾਰੇ ਪਤਾ ਲੱਗਾ, ਤਾਂ ਉਨ੍ਹਾਂ ਨੇ ਨਿਰਣਾ ਕਰ ਲਿਆ ਤੇ ਆਪਣੇ ਸਿੱਖਾਂ ਰਾਹੀ ਰਾਮ ਰਾਏ ਨੂੰ ਸੰਦੇਸ਼ਾਂ ਵੀ ਪਹੁੰਚਾ ਦਿਤਾ ਕਿ ਉਹ ਗੁਰੂ-ਦਰਬਾਰ ਵਿਚ ਦਰਸ਼ਨ ਨਾ ਦੇਵੇ, ਖਾਸ ਕਰ ਕੇ ਗੁਰਸਿੱਖਾਂ ਨੂੰ ਵੀ ਸਮਝਾ ਦਿੱਤਾ ਕਿ ਰਾਮ ਰਾਏ ਨੇ ਸ਼ਾਹੀ ਦਰਬਾਰ ਦੇ ਮੁਕਾਬਲੇ ਗੁਰੂ-ਦਰਬਾਰ ਨੂੰ ਨੀਵਾਂ ਦਿਖਾਇਆ ਹੈ, ਇਸ ਲਈ ਇਸ ਦੇ ਦਰਸ਼ਨ ਵਿਚ ਦੁੱਖ ਤੇ ਸੰਤਾਪ ਹੈ। ਇਤਿਹਾਸ ਸਾਖੀ ਹੈ ,ਕਿ ਗੁਰੂ ਹਰਿ ਰਾਇ ਜੀ ਦੇ ਹੁਕਮ ਪਿਛੋਂ ਗੁਰੂ-ਪ੍ਰੰਪਰਾ ਤੇ ਗੁਰਸਿੱਖਾਂ ਨੇ ਰਾਮ ਰਾਏ ਨਾਲ ਨਾ ਤਾਂ ਮੇਲ-ਮਿਲਾਪ ਰਖਿਆ ਅਤੇ ਨਾ ਹੀ ਰੋਟੀ-ਬੇਟੀ ਦੀ ਸਾਂਝ ਰਖੀ। ਗੁਰੂ ਹਰਿ ਰਾਇ ਸਾਹਿਬ ਨੇ ਵੱਡੇ ਸਪੁੱਤਰ 'ਰਾਮ ਰਾਏ' ਨੂੰ ਗੁਰੂ-ਗੱਦੀ ਦੇਣ ਦੀ ਥਾਂ ਛੋਟੇ ਸਪੁੱਤਰ 'ਹਰਿਕ੍ਰਿਸ਼ਨ' ਜੀ ਨੂੰ ਗੁਰੂ-ਜੋਤਿ ਦਾ ਅਧਿਕਾਰ ਪ੍ਰਦਾਨ ਕਰ ਕੇ ਗੁਰੂ-ਗੱਦੀ ਉਤੇ ਬਿਠਾ ਦਿੱਤਾ ਕਿ ਜਿਹੜਾ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੇ ਦਰਸ਼ਨ ਕਰੇਗਾ, ਉਸ ਦੇ ਦੁੱਖ-ਦਲਿੱਦਰ ਤੇ ਰੋਗ-ਸੰਤਾਪ ਸਹਿਜੇ ਹੀ ਮਿਟ ਜਾਣਗੇ, ਸੁਖ-ਸਹਿਜ ਤੇ ਅਨੰਦ ਉਸ ਦਾ ਗੁਣ-ਧਨ ਬਣ ਜਾਵੇਗਾ। ਪਿਤਾ ਗੁਰੂ ਹਰਿ ਰਾਇ ਸਾਹਿਬ ਦਾ ਇਹ 'ਇਤਿਹਾਸਕ ਵਰਦਾਨ' ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੀ ਸੰਪੂਰਨ ਜੀਵਨ-ਕਮਾਈ ਵਿਚ ਹੀ ਹਾਵੀ ਰਿਹਾ ਤੇ 'ਡਿਠੇ ਸਭਿ ਦੁਖਿ ਜਾਇ' ਦੀ ਮਹਿਮਾ ਨੂੰ ਯਥਾਰਥਿਕ ਤੇ ਉਜਾਗਰ ਕਰਨ ਵਿਚ ਵੀ ਸਦਾ ਸਹਾਇਕ ਸਾਬਤ ਹੋਇਆ ਹੈ। ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦਾ ਦਰਸ਼ਨ ਦੀਦਾਰ ਨਿਸਚੇ ਹੀ 'ਸਭਿ ਦੁਖ ਜਾਇ' ਦਾ ਪ੍ਰਮਾਣ ਹੈ।

ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ੭ ਜੁਲਾਈ ੧੬੫੬ ਈ: ਨੂੰ ਪਿਤਾ ਗੁਰੂ ਹਰਿਰਾਇ ਤੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਗ੍ਰਿਹਿ, ਕੀਰਤਪੁਰ ਸਾਹਿਬ ਵਿਖੇ ਹੋਇਆ ਸੀ। ਬਚਪਨ ਦੀ ਪਾਲਣਾ ਪੋਸਣਾ ਤੇ ਬਲਸ਼ੀਲਾ ਸ਼ਖਸੀਅਤ ਦੀ ਸਿਰਜਨਾ ਪਿਤਾ ਗੁਰੂ ਹਰਿਰਾਇ ਸਾਹਿਬ ਦੀ ਛਾਂ ਥਲੇ ਹੋਈ। ਹਾਲਾਂ ਪੰਜ ਸਾਲ ਦੇ ਹੀ ਸਨ-ਹਰਿਕ੍ਰਿਸ਼ਨ ਜੀ, ਕਿ ਉਨ੍ਹਾਂ ਦੇ ਹਿਰਦੇ ਵਿਚ 'ਸ਼ਬਦ' ਦਾ ਪ੍ਰਕਾਸ਼ ਹੋ ਗਿਆ, ਕੀਰਤੀ ਵਿਚ 'ਰਸ ਤੇ ਰਸਿਕਤਾ' ਆ ਗਈ,


www.AKJ.Org

ਤੇਲ ਵਿਚ 'ਸਹਿਜ ਤੇ ਅਨੰਦ' ਆ ਗਿਆ। ਜਿਹੜਾ ਵੀ ਸਿੱਖ ਆਪ ਜੀ ਨੂੰ ਮਿਲਦਾ, ਉਸ ਨੂੰ ਮਿਲਣ-ਛੋਹ ਵਿਚੋਂ ਇਸ ਤਰ੍ਹਾਂ ਮਹਿਸੂਸ ਹੁੰਦਾ, ਜਿਵੇਂ ਕਿ ਉਹ ਰੁਸ਼ਨਾਈ ਹੀ ਰੁਸ਼ਨਾਈ ਹਨ। ਸੰਸਾਰਕ ਵਾਸ਼ਨਾਵਾਂ ਤੋਂ ਵੀ ਉਹ ਪੂਰੀ ਤਰ੍ਹਾਂ ਬੇਪਰਵਾਹ ਸਨ। ਅਕਾਲ ਪੁਰਖ ਤੋਂ ਬਿਨਾ ਉਹ ਕਿਸੇ ਵੀ ਸ਼ਕਤੀ ਦੀ ਪ੍ਰਾਧੀਨਤਾ ਨੂੰ ਸਵੀਕਾਰ ਨਹੀਂ ਸਨ ਸਕਦੇ। ਸੰਗਤਾਂ ਪ੍ਰਤੀ ਉਹਨਾਂ ਦਾ ਪਿਆਰ ਤੇ ਜਿਸ ਚਰਿਤਰ-ਹੀਣਤਾ ਦਾ ਵਿਖਾਵਾ ਦਿੱਲੀ ਦੇ ਸ਼ਾਹੀ ਦਰਬਾਰ ਵਿਚ ਕੀਤਾ ਸੀ, ਗੁਰੂ-ਪ੍ਰੰਪਰਾ ਅਨੁਸਾਰ ਗੁਰੂ-ਦਰਬਾਰ ਵਿਚ ਉਹ ਬਿਲਕੁਲ ਪਰਵਾਨ ਨਹੀਂ ਸੀ, ਪਰ ਜੋ ਸਹਿਜ-ਸੁਭਾ, ਉਪਕਾਰੀ ਭਾਵਨਾ, ਸ਼ਬਦ ਜਾਚ, ਸੰਗਤੀ ਪਿਆਰ ਤੇ ਪ੍ਰਾਧਨਿਤਾ-ਮੁਕਤ-ਸਵੈਮਾਣ (ਗੁਰੂ) ਹਰਿਕ੍ਰਿਸ਼ਨ ਜੀ ਦੇ ਬਾਲ ਜੀਵਨ ਤੋਂ ਮੂਰਤੀਮਾਨ ਹੋ ਰਿਹਾ ਸੀ, ਉਸ ਨੇ ਸਪੱਸ਼ਟ ਨਿਰਣਾ ਕਰ ਦਿਤਾ ਕਿ 'ਗੁਰੂ-ਜੋਤਿ' ਤੇ ਜੁਗਤਿ ਦੇ ਵਾਰਿਸ ਕੇਵਲ ਹਰਿਕ੍ਰਿਸ਼ਨ ਜੀ ਹੀ ਹਨ। ੬ ਅਕਤੂਬਰ ੧੬੬੧ ਨੂੰ ਗੁਰੂ ਹਰਿਰਾਇ ਜੀ ਨੇ 'ਗੁਰੂ-ਜੋਤਿ' ਹਰਿਕ੍ਰਿਸ਼ਨ ਜੀ ਦੇ ਹਿਰਦੇ ਵਿਚ ਟਿਕਾ ਦਿਤੀ ਤੇ ਹਰਿਕ੍ਰਿਸ਼ਨ ਜੀ ਅਸ਼ਟਮ ਬਲਬੀਰਾ ਦੇ ਰੂਪ ਵਿਚ ਗੁਰੂ-ਗੱਦੀ ਉਤੇ ਬੈਠ ਕੇ 'ਗੁਰੂ-ਕਰੱਤਵ ਨਿਭਾਉਣ ਲਗ ਪਏ।

ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਗੁਰਤਾ ਅਧਿਕਾਰੀ ਹੋਣ ਵੇਲੇ ਭਾਵੇਂ ਪੰਜ ਸਾਲ ਤੇ ਤਿੰਨ ਮਹੀਨੇ ਦੇ ਸਨ, ਪਰ ਉਹਨਾਂ ਦੇ ਕੁਦਰਤੀ ਨੂਰ ਦੀ ਦੋਹੀ (ਪ੍ਰਸੰਸਾ) ਸਾਰੇ ਪਾਸੇ ਸੀ। ਔਰੰਗਜ਼ੇਬ ਬਾਦਸ਼ਾਹ ਵੀ ਗੁਰੂ-ਦਰਬਾਰ ਦੀ ਨੇੜਤਾ ਪ੍ਰਾਪਤ ਕਰਨ ਵਾਸਤੇ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੇ ਦਰਸ਼ਨ ਦੀਦਾਰ ਲਈ ਸਿੱਕ ਜਾਂ ਖਿੱਚ ਪ੍ਰਗਟ ਕਰ ਰਿਹਾ ਸੀ। ਰਾਜਾ ਜੈ ਸਿੰਘ ਉਸ ਵੇਲੇ ਦੀ ਇਕ ਐਸੀ ਸ਼ਖਸੀਅਤ ਸੀ, ਜਿਹੜੀ ਗੁਰੂ ਦਰਬਾਰ ਨਾਲ ਵੀ ਰਿਸ਼ਤਾ ਰਖਦੀ ਸੀ ਤੇ ਸ਼ਾਹੀ ਦਰਬਾਰ ਵਿਚ ਵੀ ਆਪਣਾ ਮਾਣ ਰਖਦੀ ਸੀ। ਗੁਰੂ ਹਰਿਕ੍ਰਿਸ਼ਨ ਜੀ ਤੇ ਔਰੰਗਜ਼ੇਬ ਵਿਚਕਾਰ ਨੇੜਤਾ ਪੈਦਾ ਕਰਨ ਵਾਸਤੇ ਭਾਵੇਂ ਰਾਜਾ ਜੈ ਸਿੰਘ ਨੇ ਆਪਣਾ ਵਿਸ਼ੇਸ਼ ਰੋਲ ਅਦਾ ਕੀਤਾ ਸੀ, ਪਰ ਗੁਰੂ ਦਰਬਾਰ ਵਲੋਂ ਨਿਰੰਤਰ ਨਾਂਹ ਵਿਚ ਜਵਾਬ ਮਿਲਣ ਕਾਰਣ ਮੁਲਾਕਾਤ ਹੋਣੀ, ਅਸੰਭਵ ਜਾਪ ਰਹੀ ਸੀ। ਰਾਜਾ ਜੈ ਸਿੰਘ ਨੇ ਜਦੋਂ ਦਿੱਲੀ ਦੀਆਂ ਸਿੱਖ ਸੰਗਤਾਂ ਦੇ ਅਧਾਰ ਉਤੇ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੂੰ ਦਿੱਲੀ ਆਕੇ ਦਰਸ਼ਨ ਦੇਣ ਲਈ ਸੱਦਾ ਦਿੱਤਾ, ਤਾਂ ਗੁਰੂ ਸਾਹਿਬ ਨੇ ਦਿੱਲੀ ਆਉਣਾ ਪ੍ਰਵਾਨ ਕਰ ਲਿਆ। ੧੬੬੪ ਈ: ਦੇ ਆਰੰਭ ਵਿਚ ਦਿੱਲੀ ਆਏ ਤੇ ਰਾਜਾ ਜੈ ਸਿੰਘ ਦੀ ਇੱਛਾ ਅਨੁਸਾਰ ਉਸ ਦੇ ਬੰਗਲੇ, ਜਿਸ ਨੂੰ ਅੱਜ 'ਬੰਗਲਾ ਸਾਹਿਬ' ਆਖਿਆ ਜਾਂਦਾ ਹੈ, ਵਿਚ ਠਹਿਰੇ। ਦਿੱਲੀ ਦੀਆਂ ਸਿੱਖ ਸੰਗਤਾਂ ਨੇ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਦੇ ਦਰਸ਼ਨ-ਦੀਦਾਰ ਕਰ ਕੇ ਜਿਥੇ ਸੁਖ-ਸਹਿਜ ਤੇ ਅਨੰਦ ਪ੍ਰਾਪਤ ਕੀਤਾ, ਉਥੇ ਔਰੰਗਜ਼ੇਬ ਬਾਦਸ਼ਾਹ ਵੀ ਦਰਸ਼ਨ ਦੀਦਾਰ ਲਈ ਪੀੜਾਂ ਪ੍ਰਗਟਾਂਦਾ ਰਿਹਾ। ਇਕ ਦਿਨ 'ਅੱਧੀ ਘੜੀ' ਗੁਰੂ-ਦਰਵਾਜ਼ੇ ਉਤੇ ਖੜਾ ਵੀ ਰਿਹਾ, ਪਰ ਰਾਜਾ ਜੈ ਸਿੰਘ ਦੇ ਕਹਿਣ ਦੇ ਬਾਵਜੂਦ ਵੀ ਉਹਨਾਂ ਨੇ ਦਰਵਾਜਾ ਨਾ ਖੋਲ੍ਹਿਆ ਅਤੇ ਨਾ ਹੀ ਦਰਸ਼ਨ ਦਿਤੇ। ਇਨ੍ਹਾਂ ਦਿਨਾਂ ਵਿਚ ਹੀ ਦਿੱਲੀ ਵਿਚ ਇਕ ਅਜਿਹੀ ਬੀਮਾਰੀ ਫੈਲੀ, ਜਿਸ ਨਾਲ ਇਕ ਨਹੀਂ, ਅਨੇਕਾਂ ਪਰਿਵਾਰਾਂ ਵਿਚ ਦੁਖਿਤ ਵਾਤਾਵਰਣ ਪੈਦਾ ਹੋ ਗਿਆ। ਦੁਖ-ਨਵਿਰਤਾ ਲਈ ਗੁਰੂ ਹਰਿਕ੍ਰਿਸ਼ਨ ਜੀ ਨੇ ਜਿਥੇ ਰਾਜਾ ਜੈ ਸਿੰਘ ਜੀ ਦੇ ਬੰਗਲੇ ਵਿਚ ਹੀ ਇਕ 'ਚੁੱਬਚਾ' ਬਣਵਾਇਆ, ਜਿਥੋਂ ਅੰਮ੍ਰਿਤ ਦੇ ਛੱਟੇ ਮਾਰ ਮਾਰ ਕੇ, ਬਿਨਾਂ ਕਿਸੇ ਵਰਨ-ਵਿਤਰਕਰੇ ਦੇ, ਸਮੁੱਚੀ ਮਾਨਸ ਜਾਤਿ ਦੇ ਦੁਖ, ਰੋਗ ਤੇ ਸੰਤਾਪ ਨਿਵਾਰੇ ਜਾਣ ਲਗੇ, ਉਥੇ ਗੁਰੂ ਹਰਿਕ੍ਰਿਸ਼ਨ-ਪਾਤਿਸ਼ਾਹ ਨੇ ਆਪਣੀ ਛੋਹ-ਦ੍ਰਿਸ਼ਟੀ ਨਾਲ ਵੀ ਅਨੇਕਾਂ ਨੂੰ ਦੁਖ-ਰੋਗ ਦੇ ਸੰਕਟ ਤੋਂ ਮੁਕਤ ਕੀਤਾ। ਜਿਵੇਂ ਪਹਿਲੀਆਂ ਗੁਰੂ ਸ਼ਖਸੀਅਤਾਂ ਨੇ ਮਾਨਸ ਜਾਤਿ ਦੀ ਸਚਿਆਰ ਤੇ ਸਿਰਜਨਾਤਮਿਕ ਸ਼ਖਸੀਅਤ ਦੀ ਉਸਾਰੀ ਤੇ ਸੁਰੱਖਿਆ ਲਈ ਆਪਣਾ ਸਭ ਸਮਰਪਣ ਕਰ ਦਿੱਤਾ ਸੀ, ਉਸੇ ਤਰ੍ਹਾਂ ਗੁਰੂ ਹਰਿ ਕ੍ਰਿਸ਼ਨ ਜੀ ਨੇ ਵੀ ਮਾਨਸ ਜਾਤਿ ਦੇ 'ਸਭਿ ਦੁਖ' ਆਪ ਸਹੇੜ ਲਏ ਤੇ ਆਪਣਾ ਸਮੁੱਚਾ ਆਪਾ ਹੀ ਨਹੀਂ, ਅਖੀਰਲਾ ਸਵਾਸ ਵੀ ਮਾਨਸ ਜਾਤਿ ਦੀ ਦੁਖ-ਨਵਿਰਤੀ ਤੇ ਪ੍ਰਸੰਨਤਾ ਦੀ ਪ੍ਰਾਪਤੀ ਵਾਸਤੇ ਕੁਰਬਾਨ ਕਰ ਦਿੱਤਾ। 'ਗੁਰਦੁਆਰਾ ਬੰਗਲਾ ਸਾਹਿਬ' ਦੁਖ-ਨਵਿਰਤੀ ਤੇ ਪ੍ਰਸੰਨਤਾ-ਪ੍ਰਾਪਤੀ ਦਾ ਹੀ ਪਵਿਤਰ ਅਤੇ ਅਮਰ ਸਰੋਤ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਹਰਿਕ੍ਰਿਸ਼ਨ ਜੀ ਪ੍ਰਤੀ 'ਧਿਆਈਐ' ਅਤੇ 'ਡਿਠੇ ਸਭਿ ਦੁਖਿ ਜਾਇ' ਦੇ ਪਦ ਜੋੜ ਕੇ, ਉਹਨਾਂ ਦੀ ਬਲਬੀਰ ਤੇ ਸਿਰਜਨਾਤਮਿਕ ਸਖਸ਼ੀਅਤ ਦਾ ਜੋ ਮਹਿਮਾ-ਗਾਇਨ ਕੀਤਾ ਹੈ, ਜੇ ਸਮੁੱਚੀ ਮਾਨਸ ਜਾਤਿ ਉਸ ਮਹਿਮਾ ਗਾਇਨ ਵਿੱਚ ਇਕ ਸੁਰ-ਹੋ ਸਕੇ, ਤਾਂ ਨਿਸਚੇ ਹੀ 'ਸਭਿ ਦੁਖ' ਚਲੇ ਜਾਣਗੇ। ਸਭਿ ਦੁਖਿ ਜਾਣ ਨਾਲ ਹੀ ਸੁਖ, ਸਹਿਜ ਤੇ ਅਨੰਦ ਦੀ ਪ੍ਰਾਪਤੀ ਹੋਵੇਗੀ। ਗੁਰੂ ਹਰਿਕ੍ਰਿਸ਼ਨ ਪਾਤਿਸ਼ਾਹ ਦਾ 'ਦਰਸ਼ਨ-ਦੀਦਾਰ' ਸੁਖ, ਸਹਿਜ ਤੇ ਅਨੰਦ ਦੀ ਪ੍ਰਾਪਤੀ ਦਾ ਵੀ ਦਰਸ਼ਨ ਦੀਦਾਰ ਹੈ।

• • • • • • • • •


www.AKJ.Org

# ਨਾ-ਮਿਲਵਰਤਣ ਲਹਿਰ ਦੇ ਮੋਢੀ ਗੁਰੂ ਹਰਿ ਕ੍ਰਿਸ਼ਨ ਸਾਹਿਬ

ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ

ਸਿੱਖ ਅਰਦਾਸ ਵਿਚ ਰੋਜ਼ ਪੜ੍ਹਦੇ ਹਨ "ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ।" ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ "ਅਸ਼ਟਮ ਬਲਬੀਰਾ" ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਦਿੱਲੀ ਵਿਚ ਗੁਰਦੁਆਰਾ ਬੰਗਲਾ ਸਾਹਿਬ ਉਨ੍ਹਾਂ ਦੀ ਪਵਿੱਤਰ ਯਾਦ ਵਿਚ ਸਥਿਤ ਹੈ। ਥਾਂ ਥਾਂ ਗੁਰੂ ਸਾਹਿਬ ਦੇ ਪਵਿਤਰ ਨਾਮ ਨਾਲ ਅਨੇਕਾਂ ਸੰਸਥਾਵਾਂ ਕਾਇਮ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਉਮਰ ਦੇ ਪੱਖੋਂ ਆਪ ਸਭ ਗੁਰੂ ਸਾਹਿਬਾਨ ਨਾਲੋਂ ਛੋਟੇ ਸਨ, ਪਰ ਜੋ ਮਹਾਨ ਸਿਧਾਂਤ ਆਪ ਜੀ ਨੇ ਕਾਇਮ ਕੀਤਾ, ਉਸ ਨੂੰ ਦੇਖ ਕੇ ਆਪ ਦਾ ਦਰਜਾ ਅੰਤਰ ਰਾਸ਼ਟਰੀ ਪੱਧਰ ਦੇ ਮਹਾਨ ਪੁਰਸ਼ਾਂ ਵਿਚੋਂ ਵੀ ਅਤਿ ਮਹਾਨ ਹੈ। ਆਪ ਨੇ ਸਤਾਰ੍ਹਵੀਂ ਸਦੀ ਵਿਚ ਨਾ ਮਿਲਵਰਤਣ ਲਹਿਰ ਦਾ ਮੁੱਢ ਬੰਨ੍ਹਿਆ।

ਗੁਰੂ ਹਰਿ ਰਾਇ ਸਾਹਿਬ ਔਰੰਗਜ਼ੇਬ ਦੇ ਸੱਦੇ ਤੇ ਆਪ ਤਾਂ ਉਸ ਪਾਸ ਦਿੱਲੀ ਨਾ ਗਏ, ਪਰ ਆਪਣੇ ਪੁੱਤਰ ਸ੍ਰੀ ਰਾਮ ਰਾਇ ਨੂੰ ਉਸ ਦੇ ਦਰਬਾਰ ਵਿਚ ਭੇਜ ਦਿੱਤਾ। ਔਰੰਗਜ਼ੇਬ ਤੇ ਉਸ ਦੇ ਮੌਲਵੀਆਂ ਮੁਲਾਣਿਆਂ ਨੇ ਜੋ ਪ੍ਰਸ਼ਨ ਸਿੱਖ ਧਰਮ ਬਾਰੇ ਰਾਮ ਰਾਇ ਜੀ ਨਾਲ ਕੀਤੇ, ਉਨ੍ਹਾਂ ਦੇ ਉੱਤਰ ਸ੍ਰੀ ਰਾਮ ਰਾਇ ਜੀ ਨੇ ਬੜੀ ਯੋਗਤਾ ਨਾਲ ਦਿਤੇ। ਔਰੰਗਜ਼ੇਬ ਤੇ ਹੋਰ ਦਰਬਾਰੀ ਉਸ ਦੀ ਵਿਦਵਤਾ ਦੇ ਕਾਇਲ ਹੋ ਗਏ ਅਤੇ ਰਾਮ ਰਾਇ ਨੂੰ ਬੜਾ ਮਾਣ ਸਤਿਕਾਰ ਦਿੱਤਾ। ਨਤੀਜਾ ਇਹ ਹੋਇਆ ਕਿ ਸਾਹਿਬਜ਼ਾਦਾ ਰਾਮ ਰਾਇ ਲਿਹਾਜ਼ਦਾਰੀ ਵਿਚ ਆ ਕੇ ਇਕ ਮਹਾਨ ਭੁੱਲ ਕਰ ਬੈਠਾ। ਜਦੋਂ ਕਾਜ਼ੀ ਨੇ ਉਸ ਤੋਂ ਪੁਛਿਆਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਹ ਕਿਉਂ ਲਿਖਿਆ ਹੈ, *"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ। ਘੜਿ ਭਾਂਡੇ ਇਟਾ ਕੀਆਂ ਜਲਦੀ ਕਰੇ ਪੁਕਾਰ।"* (ਆਸਾ ਦੀ ਵਾਰ) ਤਾਂ ਸ੍ਰੀ ਰਾਮ ਰਾਇ ਕਹਿਣ ਲੱਗਾ, "ਮੁਸਲਮਾਨ" ਗ਼ਲਤੀ ਨਾਲ ਲਿਖਿਆ ਗਿਆ ਹੈ, ਦਰ-ਅਸਲ ਇਹ ਸ਼ਬਦ "ਬੇਈਮਾਨ" ਹੈ।

ਬਾਦਸ਼ਾਹ ਤੇ ਮੌਲਵੀ ਮੁਲਾਣੇ ਤਾਂ ਇਸ ਸੱਪਸ਼ਟੀਕਰਨ ਤੋਂ ਖੁਸ਼ ਹੋ ਗਏ ਤੇ ਸ੍ਰੀ ਰਾਮ ਰਾਇ ਨੂੰ ਡੇਹਰਾਦੂਨ ਵਿਚ ਜਾਗੀਰ ਦੇ ਦਿਤੀ, ਪਰ ਜਦੋਂ ਇਸ ਦਿਤੇ ਗਏ ਗ਼ਲਤ ਸਪੱਸ਼ਟੀਕਰਨ ਦਾ ਪਤਾ ਗੁਰੂ ਹਰਿ ਰਾਇ ਸਾਹਿਬ ਨੂੰ ਲੱਗਾ ਤਾਂ ਉਹ ਸਾਹਿਬਜ਼ਾਦਾ ਰਾਮ ਰਾਇ ਦੇ ਕਰਤੱਵ ਤੇ ਬਹੁਤ ਨਾਰਾਜ਼ ਹੋਏ ਅਤੇ ਮੁੜ ਉਸ ਨੂੰ ਮੱਥੇ ਨਾ ਲਾਇਆ। ਤੇ ਉਸ ਦੇ ਨਿਸਚੇ ਦੀ ਕਮਜ਼ੋਰੀ ਨੂੰ ਵੇਖ ਕੇ ਉਨ੍ਹਾਂ ਫੈਸਲਾ ਕਰ ਲਿਆ ਕਿ ਰਾਮ ਰਾਇ ਵਰਗੇ ਕਾਇਰ ਤੇ ਕਮਜ਼ੋਰ ਨਿਸਚੇ ਵਾਲੇ ਵਿਅਕਤੀ ਨੂੰ ਗੁਰੂ ਨਾਨਕ ਸਾਹਿਬ ਦੀ ਗੱਦੀ ਉਤੇ ਬੈਠ ਕੇ ਸਿੱਖ ਕੌਮ ਦੀ ਅਗਵਾਈ ਕਰਨ ਦਾ ਕੋਈ ਅਧਿਕਾਰ ਨਹੀਂ। ਇਸ ਲਈ ਉਨ੍ਹਾਂ ਨੇ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਦਾ ਆਪਣੇ ਉਤਰਾਧਿਕਾਰੀ ਹੋਣ ਦਾ ਐਲਾਨ ਕਰ ਦਿਤਾ। ੬ ਅਕਤੂਬਰ ੧੬੬੧ ਨੂੰ ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰ ਗੱਦੀ ਤੇ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਬਿਰਾਜਮਾਨ ਕਰ ਗਏ।

ਗੁਰੂ ਹਰਿਕ੍ਰਿਸ਼ਨ ਜੀ ਦਾ ਜਨਮ ੭ ਜੁਲਾਈ ੧੬੫੬ ਨੂੰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਕੀਰਤਪੁਰ ਵਿਚ ਹੋਇਆ ਸੀ। ਗੁਰ ਗੱਦੀ ਤੇ ਬਿਰਾਜਮਾਨ ਹੋਣ ਸਮੇਂ ਆਪ ਦੀ ਉਮਰ ਪੰਜ ਸਾਲ ਤੇ ਤਿੰਨ ਮਹੀਨੇ ਦੀ ਸੀ। ਆਪ ਜੀ ਤਿੰਨ ਸਾਲ ਗੁਰ-ਗੱਦੀ ਤੇ ਬਿਰਾਜਮਾਨ ਰਹੇ, ੧੬੬੪ ਵਿਚ ਉਹ ਦਿੱਲੀ ਵਿਚ ਹੀ ਜੋਤੀ-ਜੋਤਿ ਸਮਾ ਗਏ। ਆਮ ਦੇਖਣ ਵਿਚ ਇਹ ਤਿੰਨ ਸਾਲ ਦਾ ਸਮਾਂ ਕੋਈ ਬਹੁਤ ਮਹੱਤਵਪੂਰਨ ਨਹੀਂ ਜਾਪਦਾ, ਪਰ ਜੋ ਗੱਲ ਇਸ ਸਮੇਂ ਵਿਚ ਮਹਾਨ ਪ੍ਰਭਾਵ ਪਾਉਣ ਵਾਲੀ ਹੋਈ, ਉਹ ਸੀ ਬਾਲਕ ਗੁਰੂ, ਗੁਰੂ ਹਰਿਕ੍ਰਿਸ਼ਨ ਸਾਹਿਬ ਦਾ "ਨਾ-ਮਿਲਵਰਤਣ ਦਾ ਸਿਧਾਂਤ"। ਬਾਦਸ਼ਾਹ ਔਰੰਗਜ਼ੇਬ ਸ੍ਰੀ ਰਾਮ ਰਾਇ ਰਾਹੀਂ ਘਰੋਗੀ-ਫੁੱਟ ਪਾਉਣ ਵਿਚ ਸਫਲ ਹੋ ਗਿਆ, ਕਿਉਂਕਿ ਉਸ ਨੂੰ ਕੁਝ ਸੁਆਰਥੀ ਲੋਕ ਅਜਿਹੇ ਮਿਲ ਗਏ ਸਨ ਜੋ ਸਿੱਖ ਸਿਧਾਂਤਾਂ ਨੂੰ ਕਮਜ਼ੋਰ ਕਰਨ ਵਾਸਤੇ ਉਸ ਦੇ ਹੱਥ-ਠੋਕੇ ਬਣ ਗਏ ਸਨ। ਅਸਲ ਵਿਚ ਬਾਦਸ਼ਾਹ ਔਰੰਗਜ਼ੇਬ ਸਿੱਖ ਪ੍ਰਗਤੀਸ਼ੀਲ ਲਹਿਰ ਤੋਂ ਡਰਦਾ ਸੀ। ਉਸ ਨੂੰ ਡਰ ਸੀ ਕਿ ਜਿਉਂ ਜਿਉਂ ਇਹ ਲਹਿਰ ਬਲਵਾਨ ਹੋ ਰਹੀ ਹੈ ਤਿਉਂ ਤਿਉਂ ਲੋਕਾਂ ਅੰਦਰ ਜਾਗ੍ਰਤੀ ਆ ਰਹੀ ਹੈ। ਉਸ ਨੂੰ ਇਹ ਵੀ ਪਤਾ ਸੀ ਕਿ ਜਨਤਕ ਜਾਗ੍ਰਤੀ ਦਾ ਨਤੀਜਾ ਹੁੰਦਾ ਹੈ ਸਾਮਰਾਜਸ਼ਾਹੀ ਜੀ ਹਾਰ। ਇਸ ਲਈ ਔਰੰਗਜ਼ੇਬ ਸਿੱਖ ਸੰਗਠਨ ਨੂੰ ਢਾਹ ਲਾਉਣ ਤੇ ਤੁਲਿਆ ਹੋਇਆ ਸੀ ਤੇ ਇਸੇ ਪ੍ਰੋਗਰਾਮ ਅਧੀਨ ਉਸ ਨੇ ਗੁਰੂ ਹਰਿਕ੍ਰਿਸ਼ਨ **ਸਾਹਿਬ ਨੂੰ ਦਿੱਲੀ** ਬੁਲਾ ਭੇਜਿਆ।

ਔਰੰਗਜ਼ੇਬ **ਦੇ ਕਹਿਣ ਤੇ ਰਾਜਾ ਜੈ ਸਿੰਘ** ਨੇ ਆਪਣੇ **ਖਾਸ ਦੀਵਾਨ ਪਰਸ** ਰਾਮ ਨੂੰ ਕੀਰਤਪੁਰ ਭੇਜਿਆ। **ਉਸ ਨੇ ਰਾਜਾ ਜੈ** ਸਿੰਘ ਵਲੋਂ ਗੁਰੂ ਸਾਹਿਬ



www.AKJ.Org

ਨੂੰ ਦਿੱਲੀ ਆਉਣ ਲਈ ਬੇਨਤੀ ਕੀਤੀ ਤਾਂ ਗੁਰੂ ਸਾਹਿਬ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਕਹਿ ਦਿਤਾ ਸੀ ਕਿ "ਉਨ੍ਹਾਂ ਨੂੰ ਦਿਲੀ ਜਾਣ ਤੋਂ ਕੋਈ ਇਨਕਾਰ ਨਹੀਂ, ਪਰ ਉਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ।"

"ਗੁਰੂ ਸਾਹਿਬ ਨੇ ਕੀਰਤਪੁਰ ਤੋਂ ਚੱਲਣ ਲਗਿਆਂ ਹੀ ਕਹਿ ਦਿੱਤਾ ਸੀ ਕਿ ਰਾਜਾ ਜੈ ਸਿੰਘ ਦੇ ਬੇਨਤੀ ਕਰਨ ਅਤੇ ਦੀਵਾਨ ਪਰਸ ਰਾਮ ਨੂੰ ਉਚੇਚਾ ਭੇਜਣ ਤੇ ਅਸੀਂ ਦਿੱਲੀ ਤਾਂ ਚਲੇ ਜਾਂਦੇ ਹਾਂ, ਪਰ ਔਰੰਗਜ਼ੇਬ ਵਰਗੇ ਜਾਬਰ ਤੇ ਫ਼ਿਰਕੂ ਬਾਦਸ਼ਾਹ ਨੂੰ ਮਿਲਣਾ ਪਸੰਦ ਨਹੀਂ ਕਰਾਂਗੇ।"(ਹਿਸਟਰੀ ਐਂਡ ਫ਼ਿਲਾਸਫ਼ੀ ਆਫ਼ ਸਿੱਖ ਰਿਲੀਜਨ-ਡਾਕਟਰ ਖ਼ਜਾਨ ਸਿੰਘ)

ਗੁਰੂ ਸਾਹਿਬ ੧੬੬੪ਵਿਚ ਕੀਰਤਪੁਰ ਤੋਂ ਦਿੱਲੀ ਵਲ ਚਲ ਪਏ। ਬਹੁਤ ਸਾਰੇ ਸਿੱਖ ਨਾਲ ਜਾਣਾ ਚਾਹੁੰਦੇ ਸਨ, ਕਿਉਂਕਿ ਉਹਨਾਂ ਨੂੰ ਗੁਰੂ ਅਰਜਨ ਸਾਹਿਬ ਦੇ ਲਾਹੌਰ ਜਾਣ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਗਵਾਲੀਅਰ ਜਾਣ ਦੀਆਂ ਘਟਨਾਵਾਂ ਦਾ ਪ੍ਰਤੀਕਰਮ ਪਤਾ ਸੀ। ਪਰ ਗੁਰੂ ਸਾਹਿਬ਼ ਨੇ ਕੁਝ ਚੋਣਵੇਂ ਸਿੱਖਾਂ ਨੂੰ ਨਾਲ ਲਿਆ ਤੇ ਬਾਕੀ ਸਭਨਾਂ ਨੂੰ ਵਾਪਸ ਭੇਜ ਦਿੱਤਾ। ਅੰਬਾਲਾ ਦੇ ਨੇੜੇ ਪੰਜੋਖੜਾ ਵਿਖੇ ਗੁਰੂ ਸਾਹਿਬ ਨੇ ਇਕ ਅੰਹਕਾਰੀ ਬ੍ਰਾਹਮਣ ਲਾਲ ਚੰਦ ਦਾ ਅਹੰਕਾਰ ਤੋੜਨ ਖਾਤਰ ਇਕ ਗਰੀਬ ਝੀਵਰ ਛੱਜੂ ਕੋਲੋਂ ਗੀਤਾ ਦੇ ਸਲੋਕ ਦੇ ਅਰਥ ਕਰਵਾਏ ਅਤੇ ਦਿੱਲੀ ਪੁਜ ਕੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਜਾ ਨਿਵਾਸ ਕੀਤਾ। ਜਿਥੇ ਹੁਣ ਉਹਨਾਂ ਦੀ ਯਾਦ ਵਿਚ ਬੰਗਲਾ ਸਾਹਿਬ ਗੁਰਦੁਆਰਾ ਸ਼ਥਿਤ ਹੈ।

ਕਿਹਾ ਜਾਂਦਾ ਹੈ ਕਿ ਔਰੰਗਜ਼ੇਬ ਨੇ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਗੁਰੂ ਸਾਹਿਬ ਨੂੰ ਮਿਲਣ ਦੀ ਇਛਿਆ ਪ੍ਰਗਟਾਈ, ਪਰ ਦ੍ਰਿੜ੍ਹ ਇਰਾਦੇ ਦੇ ਮਾਲਕ ਗੁਰੂ ਸਾਹਿਬ ਨੇ "ਨਾ-ਮਿਲਵਰਤਣ" ਦੇ ਫੈਸਲੇ ਅਨੁਸਾਰ ਬਾਦਸ਼ਾਹ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ "ਨਾ-ਮਿਲਵਰਤਣ" ਲਹਿਰ ਦੇ ਮੋਢੀਗੁਰੂ ਹਰਿਕ੍ਰਿਸ਼ਨ ਸਾਹਿਬ ਹਨ, ਨਾ ਕਿ ਵੀਹਵੀਂ ਸਦੀ ਦਾ ਕੋਈ ਨੇਤਾ, ਜਿਸ ਤਰ੍ਹਾਂ ਕਿ ਆਮ ਪ੍ਰਚਾਰ ਕੀਤਾ ਜਾਂਦਾ ਹੈ। ਸਤਾਰ੍ਹਵੀਂ ਸਦੀ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਇਸ ਲਹਿਰ ਦਾ ਨਾ-ਕੇਵਲ ਮੁੱਢ ਹੀ ਬੰਨ੍ਹ ਚੁਕੇ ਸਨ, ਸਗੋਂ ਬੜੀ ਦਲੇਰੀ ਨਾਲ ਇਸ ਉਤੇ ਅਮਲ ਵੀ ਕਰ ਚੁਕੇ ਸਨ।

ਜਦੋਂ ਗੁਰੂ ਸਾਹਿਬ ਦਿੱਲੀ ਵਿਚ ਸਨ ਤਾਂ ਕਈ ਇਲਾਕਿਆਂ ਵਿਚ ਚੀਚਕ ਦੀ ਬੀਮਾਰੀ ਫੈਲ ਗਈ। ਸਰਬੱਤ ਦਾ ਭਲਾ ਚਾਹੁਣ ਵਾਲੇ ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਨਾਲ ਲੈ ਕੇ ਪ੍ਰਭਾਵਤ ਇਲਾਕਿਆਂ ਵਿਚ ਜਾਂਦੇ ਤੇ ਗਰੀਬਾਂ, ਅਨਾਥਾਂ, ਲੋੜਵੰਦਾਂ ਦੀ ਹਰ ਪ੍ਰਕਾਰ ਸਹਾਇਤਾ ਕਰਦੇ। ਬੀਮਾਰ ਲੋਕਾਂ ਵਿਚ ਵਿਚਰਨ ਕਰਕੇ ਗੁਰੂ ਸਾਹਿਬ ਆਪ ਵੀ ਚੀਚਕ ਦੇ ਸ਼ਿਕਾਰ ਹੋ ਗਏ। ਉਨ੍ਹਾਂ ਨੇ ਆਪਣਾ ਅੰਤਮ ਸਮਾਂ ਨੇੜੇ ਆਇਆ ਵੇਖ ਕੇ ਫੁਰਮਾਇਆ, 'ਬਾਬਾ ਬਕਾਲੇ'। ਜਿਸ ਦਾ ਭਾਵ ਸੀ ਕਿ ਉਨ੍ਹਾਂ ਤੋਂ ਅਗਲੇ ਗੁਰੂ ਜੋ ਰਿਸ਼ਤੇ ਵਿਚ ਉਨ੍ਹਾਂ ਦੇ ਬਾਬਾ ਜੀ ਹਨ, ਇਸ ਸਮੇਂ ਪਿੰਡ ਬਕਾਲਾ, ਜ਼ਿਲਾ ਅੰਮ੍ਰਿਤਸਰ ਵਿਚ ਨਿਵਾਸ ਕਰਦੇ ਹਨ। ਜੋਤੀ-ਜੋਤਿ ਸਮਾਉਣ ਸਮੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਆਯੂ ੭ ਸਾਲ ੮ ਮਹੀਨੇ ਤੇ ੧੯ ਦਿਨ ਸੀ। ਇਤਨੀ ਛੋਟੀ ਆਯੂ ਵਿਚ ਆਪ ਇਤਨਾ ਵੱਡਾ ਸਿਧਾਂਤ ਕਾਇਮ ਕਰ ਗਏ, ਇਹੋ ਵੀ ਗੁਰੂ ਸਾਹਿਬ ਦੀ ਵਿਲੱਖਣਤਾ ਤੇ ਵਡੱਪਣ ਦਾ ਸੂਚਕ ਹੈ।

(ਪੰਨਾ ੭ ਦਾ ਬਾਕੀ)..........

ਗੱਲੀਂ ਗੋਖਿਆਂ ਕਦੇ ਥਾਹ ਨਹੀਂ ਆਉਂਦੀ। ਚੁੰਚ ਚਤਰ ਵਿਦਿਆਈਆਂ, ਚੰਚਲਤਾਈਆਂ, ਚਪਲ ਬੁਧ ਚੁੰਚ ਕਹਾਣੀਆਂ ਦੁਆਰਾ ਉਸ "ਗਹਿਰ ਗੰਭੀਰ ਅਥਾਹ" ਵਾਹਿਗੁਰੂ ਦੀ ਥਾਹ ਨਹੀਂ ਲਭਦੀ । ਕੂੜਿਆਰ ਨਿਗੁਰੇ ਮੀਣੇ ਉਥੇ ਮੂੰਹੋਂ ਮੂੰਹ ਚੋਟਾਂ ਖਾਂਦੇ ਰਹਿੰਦੇ ਹਨ ਅਤੇ ਅਉਘਟ ਰੁਧੀਆਂ ਭੀੜੀਆਂ ਗਲੀਆਂ ਵਿਚ ਹੀ ਫਸੇ ਰਹਿੰਦੇ ਹਨ, ਸਚੇ ਗੁਰੂ ਬਿਹੂਣਿਆਂ ਨਿਗੁਰਿਆਂ ਦਾ ਕਦੇ ਭੀ ਓਥੇ ਛੁਟਕਾਰਾ ਨਹੀਂ। ਜਿਨ੍ਹਾਂ ਵਡਭਾਗੀ ਗੁਰਮੁਖਾਂ ਨੇ ਏਥੇ ਸਚੇ ਗੁਰ-ਮੰਤਰ ਪ੍ਰਾਪਤ ਕਰ ਕੇ ਸਾਸ ਸਾਸ ਨਾਮ ਦਾ ਅਰਾਧਣਾ ਕੀਤਾ ਹੈ, ਤਿਨ੍ਹਾਂ ਨੂੰ ਅਗਲੀ-ਦਰਗਾਹ ਗਇਆਂ ਠਾਕ ਨਹੀਂ ਪੈਂਦੀ। ਉਹਨਾਂ ਦੇ ਇਹ ਅਉਘਟ ਭੀੜੀਆਂ ਗਲੀਆਂ ਪੇਸ਼ ਨਹੀਂ ਆਉਂਦੀਆਂ । ਆਉਣੀਆਂ ਭੀ ਹੋਣ ਤਾਂ ਉਹ ਸਹਿਜੇ ਹੀ ਇਹਨਾਂ ਨੂੰ ਉਲੰਘ ਜਾਂਦੇ ਹਨ ਅਤੇ ਪਤਿ ਸੇਤੀ ਸਚੇ ਦੇ ਸਚ-ਘਰ ਮਹਿਲੀਂ ਅਪੜ ਪੈਂਦੇ ਹਨ। ਹੁਕਮ ਰਜਾਈ, ਕਰਤਾਰ, ਦਾਤਾਰ ਵਾਹਿਗੁਰੂ ਤਿਨ੍ਹਾਂ ਨੂੰ ਸਾਸ ਗਿਰਾਸ ਨਾਮ ਦਾ ਆਧਾਰ ਦੇਣਹਾਰਾ ਹੁੰਦਾ ਹੈ। ਇਸ ਕਰਕੇ ਕੋਈ ਤੰਗੀ ਉਹਨਾਂ ਨੂੰ ਰਸਤੇ ਵਿਚ ਪੇਸ਼ ਨਹੀਂ ਆਉਂਦੀ, ਸੌਖੇ ਤੇ ਸਿਧੇ ਹੀ ਤੋੜ ਜਾ ਅਪੜਦੇ ਹਾਂ। ਗੁਰਮਤਿ, ਕੇਵਲ ਗੁਰਮਤਿ ਦੁਆਰਾ, ਗੁਰਮਤਿ ਨਾਮ ਜਪਿਆ ਹੀ ਤੇ ਗੁਰਮਤੀ ਗੋਬਿੰਦ ਗੋਬਿੰਦ ਰਟਿਆਂ, ਅਗੇ ਧੁਰ ਦਰਗਾਹ ਜਾ ਕੇ ਪਰਵਾਨ ਪਈਦਾ ਤੇ ਮਾਣ ਪਾਈਦਾ ਹੈ, ਐਵੇਂ ਨਹੀਂ। ਯਥਾ:-

ਗੋਬਿੰਦ ਗੋਬਿੰਦ ਗੁਰਮਤਿ ਧਿਆਈਐ,
ਤਾਂ ਦਰਗਹ ਪਾਈਐ ਮਾਨੁ॥

(ਅਣਡਿਠੀ ਦੁਨੀਆਂ) ਵਿਚੋਂ (ਕਾਨੜੇ ਕੀ ਵਾਰ, ੧੩੧੩)



www.AKJ.Org

# ਸੁੱਖ ਦਾ ਸੋਮਾ

(ਪ੍ਰਿ: ਸੱਜਣ ਸਿੰਘ)

ਪਸ਼ੂ ਪੰਛੀ ਸੁਤੰਤਰ ਹਨ ਜਾਂ ਬੰਦੀ ਵਿੱਚ, ਭੁੱਖੇ ਹਨ ਜਾਂ ਤ੍ਰਿਪਤ ਹਨ, ਸਾਇਦ ਏਨੇ ਦੁਖੀ ਨਹੀਂ ਜਿੰਨਾ ਇਨਸਾਨ ਦੁਖੀ ਹੈ। ਰੱਜਿਆ ਪਸ਼ੂ ਖਾਣਾ ਤਿਆਗ ਦਿੰਦਾ ਹੈ, ਪਰ ਇਨਸਾਨ ਦੀ ਭੁੱਖ ਖਾਕੇ ਵੀ ਨਹੀਂ ਮਿਟਦੀ। ਬਿਮਾਰ ਪਸ਼ੂ ਹਾਨੀਕਾਰਕ ਭੋਜਨ ਵਲ ਧਿਆਨ ਨਹੀਂ ਦਿੰਦਾ ਕਿਉਂਕਿ ਉਸ ਦੀ ਭੁੱਖ ਪਿਆਸ ਕੁਦਰਤੀ ਤੇ ਸਹਿਜ ਸੁਭਾ ਹੈ, ਸਰੀਰ ਦੀ ਲੋੜ ਅਨੁਸਾਰ ਹੈ। ਇਨਸਾਨ ਕੁਦਰਤੀ ਨਿਯਮਾਂ ਦੀ ਉਲੰਘਣਾ ਕਰਦਾ ਹੈ ਤੇ ਦਿਮਾਗ ਦੇ ਵਰਜਣ ਦੀ ਪਰਵਾਹ ਨਾ ਕਰਦਿਆਂ ਮਨ ਦੀ ਇੱਛਾ ਅਨੁਸਾਰ ਆਪਣਾ ਰਸਤਾ ਚੁਣਦਾ ਹੈ। ਜੇ ਅਸੀਂ ਕੇਵਲ ਸਰੀਰਕ ਰੋਗਾਂ ਦੀ ਹੀ ਗੱਲ ਕਰੀਏ ਤਾਂ ਅਧਿਕਤਰ ਦੁਖੜੇ ਤ੍ਰਿਸ਼ਨਾਂ, ਲਾਲਚ, ਜੀਭ ਦੇ ਸੁਆਦ, ਗਲਤ ਜਾਂ ਲੋੜ ਤੋਂ ਵੱਧ ਖਾਣ ਤੋਂ ਉਤਪੰਨ ਹੁੰਦੇ ਹਨ।

ਸੁੱਖ, ਦੁੱਖ ਦੀ ਪਰਿਭਾਸ਼ਾ ਨੂੰ ਸਰਲ ਸ਼ਬਦਾਂ ਵਿੱਚ ਇਉਂ ਆਖਿਆ ਜਾ ਸਕਦਾ ਹੈ। "ਦੁੱਖ ਵਿਛੋੜਾ ਤੇ ਸੁੱਖ ਮਿਲਾਪ ਹੈ। ਮਾਇਆ ਵਿਚ ਗਲਤਾਨ ਬੰਦਾ ਪ੍ਰਭੂ ਦੀ ਵੱਡਮੁਲੀ ਬਖਸ਼ਸ਼-ਸੋਚਣ ਦੀ ਸ਼ਕਤੀ, ਗਿਆਨ ਦੀ ਸ਼ਕਤੀ ਦਾ ਸਹੀ ਢੰਗ ਨਾਲ ਪਰਯੋਗ ਨਹੀਂ ਕਰਦਾ ਤੇ ਮਨਮੁਖਤਾਈ ਕਾਰਣ ਸਦੀਵੀ ਸੁੱਖ ਤੋਂ ਵਾਂਝਾ ਰਹਿੰਦਾ ਹੈ। ਅਨਭੋਲ ਜੀਵ ਨੂੰ ਇਹ ਦ੍ਰਿੜ੍ਹ ਨਹੀਂ ਹੁੰਦਾ ਕਿ ਹਰੇਕ ਸੰਸਾਰਕ ਵਸਤੂ ਸਦੈਵ ਰਹਿਣ ਵਾਲੀ ਨਹੀਂ, ਥੋੜ-ਚਿਰੀ ਹੈ, ਜੇ ਉਤਪਤੀ ਹੈ ਤਾਂ ਪਰਲੋ ਭੀ ਹੈ, ਜਿਸ ਦਾ ਜਨਮ ਹੈ, ਉਸ ਦਾ ਮਰਣ ਭੀ, ਜਿਸ ਦਾ ਮਿਲਾਪ ਹੈ, ਉਸ ਦਾ ਵਿਛੋੜਾ ਭੀ। ਤਾਂ ਤੇ ਸੰਸਾਰਕ ਜੀਵਾਂ ਲਈ ਦੁੱਖ ਸੁੱਖ ਤੋਂ ਨਿਰਲੇਪ ਰਹਿਣਾ ਬਹੁਤ ਔਖਾ ਹੈ।

ਗਰੀਬ ਦੁਖੀ ਹੈ ਕਿ ਘਰ ਵਿੱਚ ਪਦਾਰਥਾਂ ਦੀ ਥੁੜ ਹੈ, ਅਮੀਰ ਪ੍ਰੇਸ਼ਾਨ ਹੈ ਕਿ ਕੁਝ ਹਜ਼ਮ ਨਹੀ ਹੁੰਦਾ। ਜੇ ਸੁੱਖ ਮਾਇਆ ਵਿਚ ਹੁੰਦਾ ਤਾਂ ਕੋਈ ਮਾਇਆ ਧਾਰੀ ਦੁਖੀ ਨ ਹੁੰਦਾ। ਜਿਨ੍ਹਾਂ ਨੂੰ ਅਸੀਂ ਸੁਖੀ ਸਮਝਦੇ ਹਾਂ ਉਹ ਵਾਸਤਵ ਵਿੱਚ ਦੁੱਖਾਂ ਦੀ ਦਲਦਲ ਵਿੱਚ ਫਸੇ ਹੋਏ ਵੀ ਹੋ ਸਕਦੇ ਹਨ। ਉਨ੍ਹਾਂ ਨੂੰ ਧੰਨ ਖੁੱਸਣ ਦਾ ਸਹਸਾ ਹੈ, ਉਨ੍ਹਾਂ ਨੂੰ ਸੁੰਦਰ ਨੁਵਾਰੀ ਪਲੰਘ ਤੇ ਗਲੀਚੀਆਂ ਦਾ ਸੁੱਖ ਹੁੰਦਿਆਂ ਵੀ ਸੁੱਖ ਦੀ ਨੀਂਦਰ ਨਸੀਬ ਨਹੀਂ ਹੁੰਦੀ। ਜਿਨ੍ਹਾਂ ਨੂੰ ਇਹ ਤਕਲੀਫ ਹੈ ਕਿ ਕੋਈ ਹੋਰ ਉਨ੍ਹਾਂ ਤੋਂ ਵਧੀਕ ਧੰਨਵਾਨ ਕਿਉਂ ਹੈ, ਕੋਈ ਹੋਰ ਉਨ੍ਹਾਂ ਦੀ ਬਰਾਬਰੀ ਕਰਨ ਦਾ ਉੱਦਮ ਕਿਉਂ ਕਰ ਰਿਹਾ ਹੈ, ਉਨ੍ਹਾਂ ਨੂੰ ਈਰਖਾ ਦੀ ਅਗਨੀ, ਸੱਪ ਦੇ ਜ਼ਹਿਰ ਵਾਂਗ ਸਾਰੀ ਉਮਰ ਸਾੜਦੀ ਰਹਿੰਦੀ ਹੈ। ਗੁਰਦੇਵ ਜੀ ਦਾ ਫੁਰਮਾਨ ਹੈ :-

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ।।
ਜਿਸੁ ਗ੍ਰਿਹ ਥੋਰੀ ਸੁ ਫਿਰੈ ਭ੍ਰਮੰਤਾ।।
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ।।
(੧੦੧੯)

ਇੰਦ੍ਰ, ਪਰਸਰਾਮ, ਰਾਮ, ਦਹਸਿਰੁ, ਸੇਖ ਮਸਾਇਕ, ਰਾਜੇ, ਪੰਡਤ ਆਦਿ ਸਭ ਦੁਖੀ ਹਨ

ਬਾਲੀ ਰੋਵੈ ਨਾਹਿ ਭਤਾਰੁ।।
ਨਾਨਕ ਦੁਖੀਆ ਸਭੁ ਸੰਸਾਰੁ।।...... (੯੫੩-੫੪)

ਬੁਢਾਪੇ ਦੀ ਲਾਚਾਰੀ ਤੇ ਬੇਵਸੀ ਦੀ ਤਲਖ ਸਚਾਈ ਨੂੰ ਬਿਆਨ ਕਰਦਿਆਂ ਜਾਂ ਸੰਸਾਰਕ ਦੁੱਖਾਂ ਦੀ ਪ੍ਰਤੀਨਿਧਤਾ ਕਰਦਿਆਂ ਬਾਬਾ ਫਰੀਦ ਜੀ ਨੇ ਫੁਰਮਾਇਆ ਸੀ।

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ।।
ਊਚੇ ਚੜਿ ਕੈ ਦੇਖਿਆ ਘਰਿ ਘਰਿ ਏਹਾ ਅਗਿ।।੮੧।।
(੧੩੮੨)

ਮਹਾਤਮਾ ਬੁੱਧ ਦੇ ਪਿਤਾ ਨੇ ਬਥੇਰਾ ਯਤਨ ਕੀਤਾ ਕਿ ਉਸ ਦੇ ਪੁੱਤਰ ਰਾਜਕੁਮਾਰ ਨੂੰ ਸੰਸਾਰਕ ਦੁੱਖ, ਮੌਤ, ਬੁਢਾਪੇ, ਤੇ ਰੋਗ ਦਾ ਗਿਆਨ ਨਾ ਹੋਵੇ ਪਰ ਇਕ ਦਿਨ ਉਸ ਨੇ ਤੱਕ ਹੀ ਲਿਆ ਕਿ ਕੰਚਨ ਵਰਗੇ ਸੁੰਦਰ ਸਰੀਰ ਵਿੱਚ ਤਬਦੀਲੀ ਹੋ ਕੇ ਰਹਿਣੀ ਹੈ ਤੇ ਬਾਲ,ਜੁਆਨੀ, ਬੁਢਾਪੇ,ਮੌਤ ਤੇ ਜਨਮ ਦਾ ਚੱਕਰ ਅਵੱਸ਼ ਚੱਲਣਾ ਹੈ। ਪੁਰਾਣੇ ਜਨਮਾਂ ਦੇ ਸੰਸਕਾਰ ਤੇ ਭਿਆਨਕ ਦ੍ਰਿਸ਼ਾਂ ਨੇ ਉਸ ਨੂੰ ਐਸਾ ਉਪਰਾਮ ਕੀਤਾ ਕਿ ਰਾਜ-ਮਹਿਲ, ਮਾਂ ਪਿਉ, ਇਸਤ੍ਰੀ ਤੇ ਬੱਚੇ ਦਾ ਮੋਹ-ਜਾਲ ਵੀ ਉਸ ਨੂੰ ਜਕੜਨ ਵਿਚ ਸਫਲ ਨਹੀਂ ਹੋ ਸਕਿਆ। ਉਸ ਦੇ ਸ਼ਬਦਾਂ ਅਨੁਸਾਰ ਦੁਨੀਆਂ ਦੁਖਾਂ ਦਾ ਘਰ ਹੈ। ਇਸ ਪ੍ਰਤੀ ਗੁਰਬਾਣੀ ਦਾ ਫੁਰਮਾਨ ਹੈ।-

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ।।
ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ।।
ਦੁਖ ਕੀਆ ਪੰਡਾਂ ਖੁਲ੍ਹੀਆਂ ਸੁਖੁ ਨ ਨਿਕਲਿਓ ਕੋਇ।।
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ।।
ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇਆ।।
ਦੁਖ ਕੀਆ ਅਸੀ ਮਾਰੀਹਿ ਭੀ ਦੁਖੁ ਦਾਰੂ ਹੋਇ।।੧।।
(੧੨੪੦)

ਸਾਰਾ ਜੀਵਨ ਅਨੇਕਾਂ ਦੁੱਖਾਂ ਨਾਲ ਭਰਿਆ ਹੈ



www.AKJ.Org

ਜਿਸ ਦੀ ਔਸ਼ਧੀ ਕੇਵਲ ਪ੍ਰਭੂ ਦੀ ਸਿਫਤਿ ਸਲਾਹਿ ਹੈ। ਦੁੱਖਾਂ ਤੋਂ ਸੁੱਖ ਉਪਜਣ ਤੇ ਸੁੱਖਾਂ ਤੋਂ ਦੁੱਖ ਉਪਜਣ ਬਾਰੇ ਹਜ਼ੂਰ ਦੇ ਬਚਨ ਹਨ :-

(੧) ਦੁਖੁ ਦਾਰੂ ਸੁਖੁ ਰੋਗੁ ਭਇਆ
ਜਾ ਸੁਖੁ ਤਾਮਿ ਨ ਹੋਈ।। (੪੬੯)

(੨) ਦੁਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ।।
(੩੨੭-੨੮)

ਉਦੇਸ਼ ਨੂੰ ਮੁੱਖ ਰੱਖਦਿਆਂ ਗੁਰੂ ਨਾਨਕ ਨਿਰੰਕਾਰੀ ਦੀਆਂ ਉਦਾਸੀਆਂ ਗੌਤਮ ਬੁੱਧ ਦੇ ਤਿਆਗ ਨਾਲ ਮੇਲ ਨਹੀਂ ਖਾਂਦੀਆਂ। ਵਿਸ਼ੇਸ਼ ਅੰਤਰ ਇਹ ਹੈ ਕਿ ਗੌਤਮ ਅਜੇ ਮਹਾਤਮਾ ਬੁੱਧ ਨਹੀਂ ਬਣੇ ਸਨ। ਉਸ ਨੇ ਦੁੱਖਾਂ ਤੋਂ ਛੁਟਕਾਰਾ ਪਾਉਣ ਤੇ ਸੱਚ ਦਾ ਗਿਆਨ ਪ੍ਰਾਪਤ ਕਰਨ ਲਈ ਸੰਸਾਰ ਤਿਆਗਿਆ ਸੀ। ਹਜ਼ੂਰ ਉਦਾਸੀਆਂ ਆਰੰਭ ਕਰਨ ਤੋਂ ਪਹਿਲਾਂ ਹੀ ਸੰਪੂਰਨ ਸਨ ਤੇ ਨਿਰੰਕਾਰ ਤੋਂ ਨਉਨਿਧਿ ਨਾਮ ਗਰੀਬੀ ਦੀ ਬਖਸ਼ਸ਼ ਪ੍ਰਾਪਤ ਕਰ ਚੁਕੇ ਸਨ। ਆਪ ਜੀ ਦਾ ਮੁੱਖ ਉਦੇਸ਼ ਗ੍ਰਿਹਿ ਤਿਆਗਣ ਦਾ ਨਹੀਂ ਸੀ ਬਲਕਿ ਜਗਤ ਜਲੰਦੇ ਨੂੰ ਖੁਨਕ ਨਾਮ ਖੁਦਾਇਆ ਦੁਆਰਾ ਠਾਰਨ ਤੇ ਸਦੀਵੀ ਸੁੱਖ ਪਰਦਾਨ ਕਰਨ ਦਾ ਸੀ। ਆਪ ਜੀ ਦੇ ਬਚਨਾਂ ਅਨੁਸਾਰ ਜਗਤ ਜੇ ਦੁੱਖਾਂ ਦਾ ਘਰ ਹੈ ਤਾਂ ਸੱਚੇ ਪਰਮੇਸ਼ਰ ਦੀ ਕੋਠੜੀ ਵੀ ਹੈ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ।।
ਇਕਨਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ।।
(੪੬੩)

ਪੰਚਮ ਪਾਤਸ਼ਾਹ ਨੇ ਸ਼ੇਖ ਫਰੀਦ ਜੀ ਦੇ ਸਲੋਕਾਂ ਵਿਚ ਆਪਣਾ ਵਿਚਾਰ ਪ੍ਰਗਟ ਕੀਤਾ ਕਿ ਇਹ ਸੰਸਾਰ ਦੁੱਖਾਂ ਦਾ ਘਰ ਨਹੀਂ, ਇੱਕ ਸੁੰਦਰ ਫੁਲਵਾੜੀ ਹੈ ਜਿਸ ਵਿੱਚ ਫੁੱਲ ਵੀ ਹਨ, ਜ਼ਹਿਰੀਲੇ ਬੂਟੇ ਵੀ ਹਨ, ਪਰ ਜਿਨ੍ਹਾਂ ਨੂੰ ਸਤਿਗੁਰੂ ਨੇ ਬਚਾ ਲਿਆ ਉਨ੍ਹਾਂ ਨੂੰ ਬਿਲਕੁਲ ਸੇਕ ਨਹੀਂ ਵਿਆਪਦਾ।

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ।।
ਜੋ ਜਨ ਪੀਰਿ ਨਿਵਾਜਿਆ ਤਿੰਨਾ ਅੰਚ ਨ ਲਾਗ ।।੮੨।।
(੧੩੮੨)

ਨਿਮਾਣਾ ਜੀਵ ਸਭ ਕਿਛ ਜਾਣਦਿਆਂ ਹੋਇਆ ਵੀ ਅਨਜਾਣ ਤੇ ਮਜਬੂਰ ਹੈ। ਇੱਕ ਅਨੁਭਵੀ ਪੁਰਸ਼ ਦੇ ਕਥਨ ਅਨੁਸਾਰ ਕਈ ਵਾਰ ਅਸੀਂ ਜੋ ਕਰਨਾ ਚਾਹੁੰਦੇ ਹਾਂ, ਉਹ ਕਰਦੇ ਨਹੀਂ, ਤੇ ਜੋ ਕਰਨਾ ਨਹੀਂ ਚਾਹੁੰਦੇ ਉਹ ਹੋ ਜਾਂਦਾ ਹੈ। ਇਹ ਸਾਡੀ ਮਾਨਸਕ ਨਿਰਬਲਤਾ ਤੇ ਕਮਜ਼ੋਰ ਇਰਾਦਾ ਸ਼ਕਤੀ ਦਾ ਸਿੱਟਾ ਹੈ।

ਦੁਖ ਸੁਖ ਦੀ ਪ੍ਰਕਿਰਤੀ ਦੀ ਸੂਝ ਬੂਝ ਇਨਸਾਨ ਦੇ ਮਨ ਨੂੰ ਅਡੋਲ ਰਖੱਣ ਲਈ ਅਹਿਮ ਭੂਮਿਕਾ ਨਿਭਾ ਸਕਦੀ ਹੈ। ਦੁਖ ਸੁਖ ਸਾਡੇ ਆਪਣੇ ਕਰਮਾਂ ਦਾ ਫਲ ਹੈ, ਕਿਸੇ ਨੂੰ ਦੋਸ਼ੀ ਠਹਿਰਾਂਉਣ ਨਾਲ ਕੋਈ ਮਨੋਰਥ ਪੂਰਾ ਨਹੀਂ ਹੁੰਦਾ, ਸਾਨੂੰ ਇਹ ਬਿਲਕੁਲ ਪਤਾ ਨਹੀਂ ਕਿ ਭੂਤਕਾਲ ਵਿੱਚ ਅਸੀਂ ਕਿਹੜੀ ਗਲਤੀ ਕੀਤੀ ਹੈ। ਵਾਸਤਵ ਵਿੱਚ ਸੁੱਖ ਦੁੱਖ ਨੂੰ ਪ੍ਰਭੂ ਦੀ ਆਗਿਆ ਮੰਨਣ ਵਿਚ ਹੀ ਕਲਿਆਣ ਹੈ।

ਸੁਖ ਦੁਖ ਤੇਰੀ ਆਗਿਆ ਪਿਆਰੇ
ਦੂਜੀ ਨਾਹੀਂ ਜਾਇ।। (੪੩੨)

ਸੁੱਖਾਂ ਦੀ ਪ੍ਰਾਪਤੀ ਲਈ ਯਤਨ ਕਰਨਾ ਤਾਂ ਜ਼ਰੂਰੀ ਹੈ ਹੀ, ਪਰ ਦੁੱਖਾ ਤੋਂ ਬਚਣ ਲਈ ਉਪਰਾਲਾ ਕਰਨਾ ਵੀ ਬਣਦਾ ਹੈ। ਜਿਹੜਾ ਰੋਗੀ ਅਰੋਗਤਾ ਲਈ ਦੁਆਈ ਤਾਂ ਖਾਂਦਾ ਹੈ ਪਰ ਪਰਹੇਜ਼ ਤੋਂ ਗੁਰੇਜ਼ ਕਰਦਾ ਹੈ, ਉਸ ਦਾ ਇਲਾਜ ਬੇਅਰਥ ਜਾਂਦਾ ਹੈ। ਅਸੀਂ ਐਸਾ ਪਰਉਪਕਾਰ ਨਹੀਂ ਕਰਨਾ ਚਾਹੁੰਦੇ ਜਿਸ ਨਾਲ ਸਰੀਰ ਨੂੰ ਕਸ਼ਟ ਪਹੁੰਚੇ ਜਾਂ ਤਨ ਮਨ ਧੰਨ ਦੀ ਕੁਰਬਾਨੀ ਕਰਨੀ ਪਵੇ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਫੁਰਮਾਨ ਹੈ :-

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ।।
ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ।। (੧੪੨੮)

ਪ੍ਰਭੂ ਨੇ ਸਾਨੂੰ ਸੁਖ ਦੁਖ ਦੋਨੋ ਕਪੜੇ ਦਿੱਤੇ ਹਨ ਜਿਨ੍ਹਾਂ ਨੂੰ ਜੀਵ ਜਨਮ ਤੋਂ ਹੀ ਪਹਿਨਦਾ ਆਇਆ ਹੈ। ਦੋਹਾਂ ਦਾ ਆਪਸੀ ਸੰਬੰਧ ਹੈ। ਤਾਂ ਤੇ ਸੁੱਖ ਮੰਗਣ ਤੇ ਦੁੱਖ ਤੋਂ ਬਚਣ ਦੀ ਗੱਲ ਵਿਅਰਥ ਤੇ ਝੱਖਣ ਹੈ। ,ਜਿੱਥੇ ਬੋਲਣ ਨਾਲ ਕੋਈ ਕੰਮ ਸਿਰੇ ਨਹੀਂ ਚੜ੍ਹਦਾ, ਉਥੇ ਖਾਮੋਸ਼ੀ ਚੰਗੀ ਹੈ।

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ।।
ਸੁਖ ਦੁਖ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ।।
ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ। ।
(੧੪੯)

ਗੁਰੂ ਨਾਨਕ ਨਿਰੰਕਾਰੀ ਨੇ ਸੰਸਾਰ ਨੂੰ ਜੁਆਰੀ ਆਖਿਆ ਹੈ, ਜਿਹੜਾ ਆਪਣੇ ਕਲਪਿਤ ਸੁੱਖ ਦੀ ਪ੍ਰਾਪਤੀ ਲਈ ਬਹੁਤ ਕੁਝ ਦਾਅ ਤੇ ਲਾਉਂਦਾ ਹੈ, ਅਨਿਕ ਜੁਗਤੀਆਂ ਦੀ ਓਟ ਲੇਂਦਾ ਹੈ। ਪਰ ਨਾਮ ਸਿਮਰਨ ਤੇ ਗਿਆਨ ਬਿਨਾ ਪੱਲਾ ਝਾੜ ਕੇ ਪਰਤਦਾ ਹੈ। ਔਗੁਣਾਂ, ਪੁੱਠੀਆਂ ਚਾਲਾਂ ਤੇ ਹਾਰਾਂ ਦਾ ਮੂਲ ਕਾਰਨ ਪ੍ਰਭੂ ਨੂੰ ਵਿਸਾਰਨਾ



www.AKJ.Org

ਹੈ। ਜੇ ਨਾਮ ਨਹੀਂ ਤਾਂ ਦੈਵੀ ਗੁਣ ਨਹੀਂ, ਜੇ ਦੈਵੀ ਗੁਣ ਨਹੀਂ ਤਾਂ ਖੁਆਰੀ ਹੀ ਮਿਲਣੀ ਹੈ, ਤੇ ਸੰਸਾਰਕ ਮਿੱਤਰਾ ਨੇ ਔਖੇ ਵੇਲੇ ਸਾਥ ਨਹੀਂ ਦੇਣਾ ਤੇ ਆਪਣਿਆ ਨੇ ਬੇਗਾਨੇ ਬਣ ਕੇ ਨੇੜੇ ਨਹੀਂ, ਢੁਕੱਣਾ। ਪੁੱਤਰ, ਇਸਤਰੀ ਤੇ ਮਾਇਆ ਤੋਂ ਜਿਸ ਨੇ ਸੁੱਖਦੀ ਆਸ ਰੱਖੀ ਹੈ, ਕੀ ਉਸ ਨੇ ਆਖਰੀ ਸਮੇਂ ਤਕ ਸੁੱਖ ਪ੍ਰਾਪਤ ਕੀਤਾ ਹੈ।

ਪੁੱਤ੍ਰ ਕਲਤ੍ਰ ਲਛਮੀ ਮਾਇਆ॥
ਇਨ ਤੇ ਕਹੁ ਕਵਨੈ ਸੁਖ ਪਾਇਆ॥

(੬੯੨)

ਅਸੀਂ ਕਿੰਨੇ ਅਕ੍ਰਿਤਘਨ ਹਾਂ ਕਿ ਕਰਤੇ ਨੂੰ ਛੱਡ ਕੇ ਕ੍ਰਿਤ ਨੂੰ ਸੁੱਖਾਂ ਦਾ ਸਾਧਨ ਸਮਝਦੇ ਹਾਂ। ਕ੍ਰਿਤ ਹਕੀਕਤ ਨਹੀਂ, ਪਰਛਾਵਾਂ ਹੈ, ਬੱਦਲ ਨਹੀਂ ਬੱਦਲ ਦੀ ਛਾਂ ਹੈ। ਇੱਕ ਨਹੀਂ ਆਵਾ ਹੀ ਊਤਿਆ ਹੋਇਆ ਹੈ। ਸਾਰੇ ਸੰਸਾਰ ਨੇ ਮੂਲ ਨੂੰ ਛੱਡ ਕੇ ਡਾਲੀ ਨਾਲ ਸੰਬੰਧ ਜੋੜਿਆ ਹੈ। ਕ੍ਰਿਤ ਦਾ ਪੁਜਾਰੀ ਅਕਾਲ ਪੁਰਖ ਨੂੰ ਛੱਡ ਕੇ ਦੇਵੀ ਦੇਵਤਿਆ ਤੋਂ ਵਰਦਾਨ ਪ੍ਰਾਪਤ ਕਰਨ ਲਈ ਭੱਜਦਾ ਹੈ। ਸਤਿਗੁਰੂ ਦਾ ਫੁਰਮਾਨ ਹੈ:-

ਇਕਿ ਮੂਲਿ ਲਾਗੇ ਓਨੀ ਸੁਖ ਪਾਇਆ॥
ਡਾਲੀ ਲਾਗੈ ਤਿਨੀ ਜਨਮੁ ਗਵਾਇਆ॥
ਅੰਮ੍ਰਿਤ ਫਲ ਤਿਨ ਜਨ ਕਉ ਲਾਗੇ
ਜੋ ਬੋਲਹਿ ਅੰਮ੍ਰਿਤ ਬਾਤਾ ਹੇ॥ (੧੦੫੧)

ਅਕਾਲ ਪੁਰਖ ਸਮਸਤ ਸੁੱਖਾ ਦਾ ਸੋਮਾ ਹੈ। ਸਾਰੇ ਸੁੱਖ ਉਸ ਦੀ ਬਖਸ਼ਸ਼ ਤੋਂ ਮਿਲਦੇ ਹਨ। ਹਰਿ ਕੇ ਨਾਮ ਬਿਨਾਂ ਦੁਖ ਹੀ ਦੁੱਖ ਹਨ। ਇੰਦ੍ਰੀਆਂ ਦੇ ਰਸਾਂ ਦਾ ਸੁੱਖ ਵੀ ਦੁੱਖ ਰੂਪ ਵਿਚ ਬਦਲ ਜਾਂਦਾ ਹੈ। ਜੀਭ ਸੁਆਦੀ ਭੋਜਨ ਚੱਖ ਚੱਖ ਰੱਜਦੀ ਨਹੀਂ, ਅਖਾਂ ਦੀ ਸੁੰਦਰਤਾ ਦੀ ਭੁੱਖ ਪੂਰੀ ਨਹੀਂ ਹੁੰਦੀ। ਗੱਲ ਕੀ ਜਿੰਨੇ ਸਰੀਰਕ ਰਸ ਹਨ, ਉਨੇ ਅਧਿਕ ਦੁੱਖ ਹਨ।

ਦੁਖੀ ਦੁਨੀ ਸਹੇਲੜੀਐ ਜਾਇ ਤ ਲਗਹਿ ਦੁਖ॥
ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ॥
ਰੂਪੀ ਭੁਖ ਨ ਉਤਰੈ ਜਾਂ ਦੇਖਾ ਤਾਂ ਭੁਖ॥
ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ॥੨॥

(੧੨੮੭)

ਅਸੀਂ ਅਗਿਆਨੀ ਜੀਵ, ਖ਼ਾਕੀ ਇਨਸਾਨ ਦਾ ਟਾਕਰਾ ਅਰਸ਼ੀ ਰੂਹਾਂ ਨਾਲ ਕਰਨ ਦੀ ਬੱਜਰ ਭੁੱਲ ਕਰਦੇ ਹਾਂ। ਸੰਸਾਰਕ ਜੀਵ ਆਪਣੇ ਕਰਮਾਂ ਅਨੁਸਾਰ ਸੁੱਖ ਦੁੱਖ ਭੋਗਦੇ ਹਨ ਪਰ ਸਚੇ ਗੁਰਦੇਵ ਜੀ ਕਰਮ-ਫਲ ਦੇ ਚੱਕਰ ਤੋਂ ਸੁਤੰਤਰ ਹਨ ਤੇ ਦੂਸਰਿਆਂ ਦਾ ਦੁੱਖ ਆਪਣੇ ਸਰੀਰ ਤੇ ਲੈਂਦੇ ਹਨ। ਉਨ੍ਹਾਂ ਨੇ ਕੋਈ ਐਸਾ ਕੰਮ ਨਹੀਂ ਕੀਤਾ ਹੁੰਦਾ ਕਿ ਦੁੱਖ ਭੋਗਣ। ਨਿਰਸੰਦੇਹ ਬਾਲਾ ਪ੍ਰੀਤਮ ਸ੍ਰੀ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਚਰਣ ਕੰਵਲ ਦੀ ਛੋਹ ਤੋਂ ਬਣੇ ਅੰਮ੍ਰਿਤ ਜਲ ਨਾਲ ਬੇਅੰਤ ਰੋਗੀਆਂ ਨੂੰ ਚੇਚਕ ਜੈਸੇ ਮਾਰੂ ਰੋਗ ਤੋਂ ਮੁਕਤ ਕਰਾਇਆ। ਸੰਭਵ ਹੈ ਸੰਸਾਰ ਦੇ ਸਾਰੇ ਰੋਗੀਆਂ ਦਾ ਦੁੱਖ ਆਪਣੇ ਸਰੀਰ ਤੇ ਲੈ ਲਿਆ ਹੋਵੇ ਕਿਉਂਕਿ ਬੰਗਲਾ ਸਾਹਿਬ ਕੁੰਡ ਤੋਂ ਬੇਸ਼ੁਮਾਰ ਰੋਗੀ, ਧਰਮ ਜਾਂ ਨਸਲ ਦੇ ਵਿਤਕਰੇ ਬਿਨਾ ਅੰਮ੍ਰਿਤ ਜਲ ਛਕ ਕੇ ਆਪਣੇ ਦੁਖੜੇ ਨਿਵਾਰਦੇ ਆਏ ਹਨ ਤੇ ਭਵਿੱਖ ਵਿੱਚ ਨਿਵਾਰਦੇ ਰਹਿਣਗੇ।

ਸਤਿਗੁਰੂ ਦਾ ਫੁਰਮਾਨ ਹੈ ਕਿ ਸੱਚਾ ਸੁੱਖ ਸਿਵਾਇ ਸਤਿਗੁਰੂ ਦੇ ਦਰ ਤੋਂ ਹੋਰ ਕਿਤਿਓਂ ਪ੍ਰਾਪਤ ਨਹੀਂ ਹੁੰਦਾ। ਹਉਮੈ ਦਾ ਭਰਿਆ ਸੰਸਾਰ ਤਾਂ ਆਪ ਰੋਗੀ ਤੇ ਦੁਖੀ ਹੈ, ਉਸ ਨੇ ਸੁੱਖ ਕਿਵੇਂ ਦੇਣਾ ਹੈ।

ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰਥੈ ਸੁਖ ਨਾਹੀਂ॥
ਹਉਮੈ ਜਗਤੁ ਦੁਖਿ ਰੋਗ ਵਿਆਪਿਆ
ਮਰ ਜਨਮੈ ਰੋਵੈ ਧਾਹੀ॥ (੬੦੩)

ਸਾਰਾ ਸੰਸਾਰ ਹਉਮੈ ਰੋਗ ਵਿੱਚ ਗ੍ਰਸਤ ਹੈ, ਮਰਦਾ ਜਨਮਦਾ, ਤੜਪਦਾ ਤੇ ਧਾਹਾਂ ਮਾਰ ਕੇ ਰੋਂਦਾ ਹੈ। ਇਲਾਜ਼ ਇਸਦਾ ਹੈ ਪਰ ਜੇ ਕੋਈ ਕਰੇ ਤਾਂ। ਨਿਮਰਤਾ ਤੇ ਆਪਾ-ਸਮਰਪਨ ਨੂੰ, ਆਪਾ ਤੇ ਹੰਕਾਰ ਨੂੰ ਜਨਮ ਦਿੰਦੇ ਹਨ ਤੇ ਸੁਆਰਦੇ ਹਨ। ਪਰਮ ਸੁੱਖ ਦੀ ਪ੍ਰਾਪਤੀ ਖੁਦੀ ਮਿਟਾਏ ਬਿਨਾ ਨਹੀਂ ਹੁੰਦੀ।

ਸੁਖਾਂ ਸਿਰ ਸਦਾ ਸੁਖੁ ਹੋਇ ਜਾ ਵਿਚਹੁ ਅਪੁ ਗਵਾਇ॥

(੫੮੮)

ਦੋ ਤੱਪਸਵੀ ਜੰਗਲ ਵਿੱਚ ਸਾਧਨਾ ਕਰ ਰਹੇ ਸਨ। ਉਹਨਾਂ ਦੀ ਰਹਾਇਸ਼ ਇਸ ਦਾ ਟਿਕਾਣਾ ਇਕ ਕੱਖਾਂ ਦੀ ਕੁੱਲੀ ਸੀ। ਰੱਬ ਦਾ ਭਾਣਾ,ਐਸੀ ਹਨ੍ਹੇਰੀ ਚੱਲੀ ਕਿ ਉਨਾਂ ਦੀ ਝੋਪੜੀ ਦੀ ਲੱਗ ਭੱਗ ੮੦ ਪ੍ਰਤੀਸ਼ਤ ਛੱਤ ਉਡੱ ਗਈ, ਵਰਸ਼ਾ ਸ਼ੁਰੂ ਹੋ ਗਈ ਤੇ ਠਰ ਠਰ ਕੰਬਣ ਲੱਗੇ। ਇੱਕ ਨੇ ਆਖਿਆ ਕਿ ਪ੍ਰਭੂ ਨੇ ਆਪਣੇ ਭਗਤਾਂ ਤੇ ਵੀ ਕੋਈ ਤਰਸ ਨਹੀ ਖਾਧਾ ਤੇ ਸੰਕਟ ਵਿਚ ਪਾ ਦਿਤਾ। ਦੂਸਰੇ ਨੇ ਅਕਾਲ ਪੁਰਖ ਦਾ ਲੱਖ ਲੱਖ ਧੰਨਵਾਦ ਕੀਤਾ ਤੇ ਆਖਿਆ,ਪ੍ਰਭੂ ਜੀ ,ਤੁਸੀ ਬਹੁਤ ਕ੍ਰਿਪਾ ਕੀਤੀ ਹੈ। ਇਹ ਕੋਨਾ ਤਾ ਸਾਡੇ ਲਈ ਬਚਾ ਲਿਆ, ਨਹੀ ਤਾਂ ਇਹ ਵੀ ਉੱਡ ਜਾਣਾ ਸੀ।" ਘਟਨਾ ਇੱਕੋ ਹੈ,ਅਰਥ

(ਬਾਕੀ ਪੰਨਾ ੩੩ ਤੇ...)


www.AKJ.Org

# "ਆਪਨੜੇ ਗਿਰੀਵਾਨ ਮਹਿ.....।।"
(ਸ਼ੇਖ ਫਰੀਦ ਜੀ )

(ਵਲੋਂ ਭਾਈ ਸੁਖਦੇਵ ਸਿੰਘ ਜਾਣੀਆਂ)

ਕਹੀਏ ਪਿਆਰ ਦੇ ਨਾਲ ,ਸੁਣੀਏ ਪਿਆਰ ਦੇ ਨਾਲ,
ਇੱਕ ਦੂਜੇ ਦਾ ਅਦਬ ਸਨਮਾਨ ਕਰੀਏ।
ਆਓ ! ਗੁਰੂ ਦੇ ਪਿਆਰਿਓ ਆਓ ਆਪਾਂ ,
ਆਪਣੇ ਹੀ ਗਿਰੀਵਾਨ ਵੱਲ ਧਿਆਨ ਕਰੀਏ।

ਮੁੱਖ ਮਸਲੇ :-
ਮੁੱਖ ਮਸਲੇ ਤਾਂ ਪੰਥ ਦੇ ਚਾਰ ਹੀ ਨੇ,
ਛੋਟੀਆਂ ਗੱਲਾਂ ਦੀ ਗੱਲ ਕੋਈ ਨਹੀਂ।
ਗੁਰੂ ਰੂਪ, ਰਾਗਮਾਲਾ, ਕੁੱਠਾ ਤੇ ਕੇਸਕੀ ਹੈ,
ਸਾਰੇ ਹੋਣ ਸਹਿਮਤ ਇਹੋ ਜਿਹਾ ਹੱਲ ਕੋਈ ਨਹੀਂ।
ਇਕੋ ਹੱਲ ਹੈ, ਧਰਮ ਦੀ ਗੱਲ ਕਰੀਏ,
ਖਾਤਰ ਧਰਮ ਦੀ ਧੜਾ ਕੁਰਬਾਨ ਕਰੀਏ।
**ਆਓ! ਗੁਰੂ ਦੇ ਪਿਆਰਿਓ ਆਓ ਆਪਾਂ,**
**ਆਪਣੇ ਹੀ ਗਿਰੀਵਾਨ ਵੱਲ ਧਿਆਨ ਕਰੀਏ।**

ਆਪਣੀ ਰਾਏ:-
ਸੋਝੀ ਜਿੰਨੀ ਕੁ ਬਖ਼ਸ਼ੀ ਸਤਿਗੁਰਾਂ ਨੇ,
ਸਾਂਝੀ ਪੰਥ ਦੇ ਨਾਲ ਵੀਚਾਰ ਕਰੀਏ।
ਆਪਣੀ ਰਾਏ ਨੂੰ ਕਿਸੇ ਤੇ ਠੋਸੀਏ ਨਾ,
ਹੋਵੇ ਸੱਚ ਤਾਂ ਉਸਨੂੰ ਸਵੀਕਾਰ ਕਰੀਏ।
ਭੁੱਲ ਹਰ ਇਨਸਾਨ ਤੋਂ ਹੋ ਸਕਦੀ,
ਆਪਣੀ ਅਕਲ ਦਾ ਨਾ ਗੁਮਾਨ ਕਰੀਏ।
ਆਓ ਗੁਰੂ ਦੇ ਪਿਆਰਿਓ-----------।

ਗੁਰਾਂ ਦਾ ਰੂਪ :-
ਇੱਕ ਗੁਰੂ ਦਾ ਇਕ ਹੀ ਰੂਪ ਹੈ ਜੀ,
ਸਰੂਪ ਉਸਦੇ ਭਾਵੇਂ ਹਜਾਰਾਂ ਹੋਵਣ।
ਉਂਗਲਾਂ ਪੰਜ ਬਰਾਬਰ ਤਾਂ ਹੋਣੀਆਂ ਨਹੀਂ,
ਗੁਰਾਂ ਦੇ ਰੂਪ ਤੇ ਨਾ ਵੱਖ ਵੀਚਾਰ ਹੋਵਣ।
ਲੜੀਦਾਰ ਸਰੂਪ ਗੁਰਾਂ ਬਖ਼ਸ਼ਿਆ ਏ,
ਗੁਰ ਗੱਦੀ ਤੇ ਬਿਰਾਜਮਾਨ ਕਰੀਏ।
ਆਓ !ਗੁਰੂ ਦੇ ਪਿਆਰਿਓ ----------।

ਅਸਲੀਅਤ ਦੀ ਪਛਾਣ:-
ਅਸਲ-ਨਕਲ ਦੀ ਜਦੋਂ ਪਛਾਣ ਕਰੀਏ,
ਪੈਂਦਾ ਵੇਖਣਾ ਉਸ ਦਾ ਤੱਤ ਕੀ ਏ ?
ਵੇਖੀਏ ਅਸੀ ਗੁਰਬਾਣੀ ਦਾ ਤੱਤ ਕੀ ਏ,
ਕਹਿੰਦੀ ਇਸ ਦੇ ਬਾਰੇ ਗੁਰਮਤਿ ਕੀ ਏ ?
ਆਖਿਰ ਗੱਲ ਭਰੋਸੇ ਤੇ ਮੁਕਣੀ ਏ ,
ਹੁਕਮ ਗੁਰਾਂ ਦਾ ਜੋ ਫੁਰਮਾਨ ਕਰੀਏ ।
ਆਓ ! ਗੁਰੂ ਦੇ ਪਿਆਰਿਓ ----------।

ਗੁਰਬਾਣੀ ਦਾ ਤੱਤ :-
"....ਕੇਵਲ ਨਾਮੁ"।।* ਅਤੇ ".... ਕੇਵਲ ਨਾਮੁ"** ਕਹਿੰਦੇ,
ਬਾਣੀ ਨਾਮੁ ਹੀ ਨਾਮੁ ਹੀ ਨਾਮੁ ਦ੍ਰਿੜਾਂਵਦੀ,
'ਰਾਗਮਾਲਾ' ਵਿਚ 'ਨਾਮੁ' ਦਾ ਜ਼ਿਕਰ ਨਹੀਂ ਏ,
ਬਾਣੀ ਕਿਵੇਂ ? ਇਹ ਸਮਝ ਨਾ ਆਵਦੀ ਏ।
ਕਾਹਲੇ ਪੈਣਾ ਨਾ, ਯੋਗ ਸਲਾਹ ਦੇਣੀ,
ਗੁੱਸੇ ਨਾਲ ਨਾ ਗਰਮ ਮੈਦਾਨ ਕਰੀਏ।
ਆਓ ! ਗੁਰੂ ਦੇ ਪਿਆਰਿਓ------------।

ਰਾਗਮਾਲਾ ਦਾ ਕਰਤਾ :-
ਗੁਰਬਾਣੀ ਹੈ ਤਾਂ "ਨਾਨਕ" ਮੋਹਰ ਹੈ ਨਹੀਂ,
ਭਗਤ ਬਾਣੀ ਤਾਂ ਭਗਤਾਂ ਦਾ ਨਾਂ ਕੋਈ ਨਹੀਂ।
ਜੇਕਰ 'ਤਤਕਰਾ', ਤਾਂ ਉਹ ਮੌਜੂਦ ਪਹਿਲਾਂ,
ਮੁਸਲਿਮ ਫ਼ਕੀਰਾਂ 'ਚੋਂ ਵੀ ਕਿਸੇ ਦਾ ਨਾਮ ਕੋਈ ਨਹੀਂ।
ਰਾਗਮਾਲਾ ਦਾ ਕਿਸ ਆਧਾਰ ਉੱਤੇ ?
ਆਦਰ, ਬਾਣੀ ਦੇ ਆਦਰ ਸਮਾਨ ਕਰੀਏ।
ਆਓ ! ਗੁਰੂ ਦੇ ਪਿਆਰਿਓ-----------।

ਅੰਕਾਂ ਦੀ ਤਰਤੀਬ :-
ਹਰ ਪਦੇ ਨਾਲ ਅੰਕ ਵੀ ਬਦਲਦਾ ਨਹੀਂ,
ਸਤਿਗੁਰਾਂ ਦੀ ਜਿਵੇਂ ਤਰਤੀਬ ਹੈ ਜੀ।
ਹਰ ਪਦੇ ਤੋਂ ਬਾਅਦ ਅੰਕ '੧' ਹੈ 'ਤੇ,
ਜੋੜ ਅੰਤ ਵਿੱਚ '੧' ਅਜੀਬ ਹੈ ਜੀ।
ਕਰੀਏ ਸਹਿਜ ਦੇ ਨਾਲ ਵੀਚਾਰ ਬਹਿਕੇ,
ਆਪਣੇ ਮਨਾਂ ਨੂੰ ਨਾ ਪ੍ਰੇਸ਼ਾਨ ਕਰੀਏ।
ਆਓ ! ਗੁਰੂ ਦੇ ਪਿਆਰਿਓ-----------।

ਕੁੱਠਾ ਦਾ ਭਾਵ :-
ਅੰਡਜ,ਜੇਰਜ ਜਾਂ ਸੇਤਜ ਨੂੰ ਮਾਰ ਦੇਣਾ,
'ਕੁੱਠਾ' ਸ਼ਬਦ ਇਸ ਲਈ ਇਸਤੇਮਾਲ ਹੋਇਆ।
ਉਤਭੁਜ ਖਾਣੀ ਲਈ 'ਕੱਟਿਆ', 'ਵਢਿਆ',
ਸ਼ਬਦ ਨਾ ਕੋਈ ਝਟਕਾ, ਨਾ ਹਲਾਲ ਹੋਇਆ।
'ਤਰੀਕੇ' ਨਾਲ ਅਭੱਖ ਨਾ ਭੱਖ ਹੋਵੇ,
ਐਵੇਂ ਮਜ਼ਹਬ ਨਾ ਕੋਈ ਬਦਨਾਮ ਕਰੀਏ।
ਆਓ! ਗੁਰੂ ਦੇ ਪਿਆਰਿਓ-----------।

ਕੇਸਾਂ ਦਾ ਰੁਤਬਾ :-
ਕਕਾਰ ਕੋਈ ਵੀ ਤਨ ਦਾ ਅੰਗ ਨਹੀਂ ਏ,
'ਕੇਸ' ਕਿਵੇਂ ਕਕਾਰ, ਵੀਚਾਰ ਕਰੀਏ।
ਰੁਤਬਾ ਕੇਸਾਂ ਦਾ ਖਾਲਸਾ ਜੀ ! ਬਹੁਤ ਉੱਚਾ,
ਕਕਾਰ ਕਹਿ ਕੇ ਨਾ ਘੱਟ ਸਤਿਕਾਰ ਕਰੀਏ।
ਕੇਸ-'ਗੁਰੂ ਕੀ ਮੋਹਰ', ਕੱਟੇ ਤਾਂ, ਗਈ ਸਿੱਖੀ,

* ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ।।੧।।
** ਨਾਨਕ ਕੈ ਘਰਿ ਕੇਵਲ ਨਾਮ।।


www.AKJ.Org

ਦੁਬਾਰਾ ਸਿੱਖੀ ਲਈ ਅੰਮ੍ਰਿਤਪਾਨ ਕਰੀਏ।
ਆਓ ! ਗੁਰੂ ਦੇ ਪਿਆਰਿਓ-----------।

**ਕੇਸਾਂ ਦੀ ਮਹਿਮਾ :-**

ਦਾਸਰੇ ਕੋਲ ਤਾਂ ਯੋਗ ਸ਼ਬਦ ਹੀ ਨਹੀਂ,
ਸੁਹਣੇ ਕੇਸਾਂ ਦੀ ਮਹਿਮਾਂ ਕਹਿਣ ਦੇ ਲਈ।
ਪੀਰ ਬੁੱਧੂ ਸ਼ਾਹ ਨੇ ਮੁਰੀਦ ਤੇ ਪੁੱਤ ਵਾਰੇ,
ਦਸ਼ਮੇਸ਼ ਗੁਰੂ ਦੀਆਂ ਖੁਸ਼ੀਆਂ ਲੈਣ ਦੇ ਲਈ।
ਮੰਗ ਮੰਗੀ ਤਾਂ ਕੰਘੇ ਵਿਚਲੇ ਕੇਸ ਮੰਗੇ,
'ਕੇਸਕੀ' ਕੇਸਾਂ ਦੇ ਲਈ ਅਨੁਮਾਨ ਕਰੀਏ।
ਆਓ ! ਗੁਰੂ ਦੇ ਪਿਆਰਿਓ-----------।

**ਕੇਸਕੀ ਦਾ ਸਥਾਨ:-**

ਕੰਘੇ, ਕੜੇ, ਕਛਹਿਰੇ, ਕਿਰਪਾਨ ਵਾਂਗੂੰ,
ਕੇਸਕੀ ਕਕਾਰ ਵੀ ਬਾਹਰੋਂ ਸਜਾ ਲਈਏ।
ਅਚਾਨਕ ਇਨ੍ਹਾਂ 'ਚੋਂ ਵਿਸਰੇ ਕੋਈ ਜੇ,
ਅਰਦਾਸ ਕਰਕੇ ਭੁੱਲ ਬਖ਼ਸ਼ਾ ਲਈਏ।
ਵੀਚਾਰਾਂ ਨਾਲ ਨੇ ਮਸਲੇ ਸੱਲ ਹੋਣੇ,
ਅਸੀਂ ਕਿਸੇ ਦਾ ਨਾਂ ਅਪਮਾਨ ਕਰੀਏ।
ਆਓ ! ਗੁਰੂ ਦੇ **ਪਿਆਰਿਓ**-----------।

**ਦੁੱਖ ਦੀ ਗੱਲ :-**

ਅੰਮ੍ਰਿਤ ਇੱਕ ਛਕਕੇ ਧੜੇ ਕਈ ਬਣ ਗਏ,
ਇਹ ਬੜੇ ਹੀ ਦੁੱਖ ਦੀ ਗੱਲ ਹੈ ਜੀ।
ਇਥੇ ਪੇਸ਼ ਨਹੀਂ ਕਿਸੇ ਦੀ ਕੋਈ ਜਾਂਦੀ,
ਪੰਥ ਦਰਦੀਆਂ ਲਈ ਵੱਡਾ ਗੱਲ ਏ ਜੀ।
ਇੱਕ ਗੁਰੂ ਨੇ ਸਦਾ ਹੀ ਇੱਕ ਰਹਿਣਾ,
ਅਸੀਂ ਵੀ ਏਕੇ ਦੇ ਵਲ ਧਿਆਨ ਕਰੀਏ।
ਆਓ ! ਗੁਰੂ ਦੇ ਪਿਆਰਿਓ-----------।

ਮਸਲਿਆਂ ਦਾ ਹੱਲ :-

ਗੁਰੂ ਅੱਗੇ ਅਰਦਾਸ ਨਾ ਹੋਇ ਬਿਰਥੀ,
ਜੇ ਨਾ ਮਨਾਂ ਦੇ ਵਿੱਚ ਵਲ ਛਲ ਹੋਵੇ।
"...ਪੰਜੀ ਪਰਮੇਸ਼ਰ।" ਹੈ ਭਾਈ ਗੁਰਦਾਸ ਕਹਿੰਦੇ,
"ਪੰਚ ਪਰਵਾਣ....।।" ਫੁਰਮਾਨ ਅਟੱਲ ਹੋਵੇ।
ਪੰਜਾਂ ਸਿੰਘਾਂ ਵਿੱਚ ਗੁਰੂ ਦੀ ਕਲਾ ਵਰਤੇ,
'ਸੁਖਦੇਵ ਸਿੰਘਾ' ਕ੍ਰਿਸ਼ਮਾ ਰੂਪਮਾਨ ਕਰੀਏ।
ਆਓ ! ਗੁਰੂ ਦੇ ਪਿਆਰਿਓ ਆਓ ਆਪਾਂ,
ਆਪਣੇ ਹੀ ਗਿਰੀਵਾਨ ਵਲ ਧਿਆਨ ਕਰੀਏ।
ਕਹੀਏ ਪਿਆਰ ਦੇ ਨਾਲ, ਸੁਣੀਏ ਪਿਆਰ ਦੇ ਨਾਲ,
ਇੱਕ ਦੂਜੇ ਦਾ ਆਦਰ ਸਨਮਾਨ ਕਰੀਏ।
ਆਓ ! ਗੁਰੂ ਦੇ ਪਿਆਰਿਓ ਆਓ ਆਪਾਂ,
ਆਪਣੇ ਹੀ ਗਿਰੀਵਾਨ ਵਲ ਧਿਆਨ ਕਰੀਏ।

(ਪੰਨਾ ੨੧ ਦਾ ਬਾਕੀ......)

ਤੇ ਪ੍ਰਤੀ ਕਰਮ ਵੱਖ ਵੱਖ ਹਨ। ਆਸ਼ਾਵਾਦੀ ਦੁੱਖ ਵਿਚ ਵੀ ਸੁਖੀ ਰਹਿੰਦਾ ਹੈ ਤੇ ਨਿਰਾਸ਼ਾਵਾਦੀ ਸਭ ਕੁਛ ਹੁੰਦਿਆਂ ਵੀ ਦੁਖੀ ਹੈ। ਗੁਰਮੁਖ ਸਦਾ ਸੁਖੀਆ ਤੇ ਮਨਮੁਖ ਦੁਖੀਆ ਰਹਿੰਦਾ ਹੈ। ਸਾਹਿਬ ਸਦਾ ਮਿਹਰਬਾਨ ਬਖ਼ਸ਼ਣਹਾਰ ਤੇ ਦਿਆਲੂ ਹੈ ਤੇ ਕਿਸੇ ਜੀਵ ਨੂੰ ਅਕਾਰਣ ਦੁੱਖ ਦੀ ਪ੍ਰਸਥਿਤੀ ਵਿੱਚ ਨਹੀ ਪਾਉਂਦਾਂ । ਸਭ ਦੁਖੀ ਹਨ, ਕੇਵਲ ਭਾਣਾ ਮੰਨਣ ਵਾਲੇ ਨੂੰ ਹੀ ਸਰੀਰਕ ਤੇ ਮਾਨਸਕ ਸੁਖ ਪ੍ਰਾਪਤ ਹੁੰਦੇ ਹਨ ।

**ਭਾਣਾ ਮੰਨੇ ਸਦਾ ਸੁਖ ਹੋਇ ।।** (੩੬੪)

ਹੁਕਮ ਨੂੰ ਖਿੜੇ ਮੱਥੇ ਪਰਵਾਨ ਕਰਨ ਵਾਲੇ ਨੂੰ ਹੁਕਮੀ ਬੰਦਾ ਆਖਿਆ ਹੈ । ਉਸ ਨੇ ਸਭ ਕੁਝ ਪ੍ਰਭੂ ਨੂੰ ਅਰਪਨ ਕੀਤਾ ਹੁੰਦਾ ਹੈ, ਦੁਖ ਸੁਖ ਦੀ ਭਾਵਨਾ ਵੀ । ਉਸ ਨੂੰ ਨਾ ਕੁਝ ਪਾਉਣ ਦਾ **ਸੁਖ, ਨਾ ਗੁਆਉਣ** ਦਾ ਦੁਖ । ਜਿਹੜਾ ਹੁਕਮ **ਨਹੀਂ ਬੁੱਝਦਾ, ਉਸ ਨੂੰ** ਕੋਈ ਸੰਸਾਰੀ ਜੀਵ ਸੁਖੀ **ਨਹੀਂ ਬਣਾ ਸਕਦਾ।** ਪਾਵਨ ਹੁਕਮ ਹੈ:-

**ਜਬ ਲਗੁ ਹੁਕਮੁਨ ਬੂਝਤਾ ਤਬ ਹੀ ਲਉ ਦੁਖੀਆ।।**
**ਗੁਰ ਮਿਲਿ ਹੁਕਮ ਪਛਾਣਿਆ ਤਬ ਹੀ ਤੇ ਸੁਖੀਆ।।**
(੪੦੦)

ਅਸੀਂ ਸੰਸਾਰੀ ਜੀਵ ਭਾਣਾ ਨਹੀਂ ਮੰਨਦੇ, ਆਪਣੀ ਮਜਬੂਰੀ ਜਾਂ ਲਾਚਾਰੀ ਦਾ ਇਜ਼ਹਾਰ ਕਰਦੇ ਹਾਂ। "ਉਸ ਦੇ ਅੱਗੇ ਕਿਸੇ ਦਾ ਜੋਰ ਨਹੀਂ, ਜਿਵੇਂ ਉਸ ਦਾ ਹੁਕਮ " ਦਾ ਉੱਚਾਰਣ ਉੱਚੀ ਅਵਸਥਾ ਦਾ ਸੰਕੇਤ ਨਹੀਂ। ਭਾਣਾ ਮੰਨਣ ਦਾ ਇਸ਼ਾਰਾ ਹੈ ਜਿਸ ਵਿੱਚ ਭਾਣੇ ਨੂੰ ਮਿਠਾ ਸਮਝ ਕੇ ਮੰਨਣ ਦੀ ਭਾਵਨਾ ਨਹੀਂ।

ਜਿਸ ਜੀਵ ਨੂੰ ਦੁੱਖ ਤਕਲੀਫ ਵਿਚ ਗਿਲਾ ਨਹੀਂ, ਕਿਸੇ ਥੁੜ ਜਾਂ ਰੁਕਾਵਟ ਦੀ ਸ਼ਕਾਇਤ ਨਹੀਂ, ਪਤਝੜ ਦਾ ਰੰਜ ਨਹੀਂ, **ਮਨ ਵਿਚ ਨਿਰਾਸਤਾ ਤੇ ਝੋਰਾ** ਨਹੀਂ, ਜ਼ੁਬਾਨ ਤੇ ਸ਼ਿਕਵਾ **ਨਹੀਂ, ਪ੍ਰਭੂ ਤੇ ਵਿਸ਼ਵਾਸ਼** ਹੈ, ਉਸ ਦੀ ਰਜ਼ਾ ਵਿਚ ਪ੍ਰਸੰਨਤਾ **ਹੈ, ਬੇਗਾਨਾ** ਪਨ ਨਹੀਂ, ਅਪਨਾਪਨ ਹੈ, ਉਸ ਦੇ ਭੱਵਿਖ ਲਈ ਅਕਾਲ ਪੁਰਖ ਦੀ ਗਾਰੰਟੀ ਹੈ ਕਿ ਜੋ ਕੁਝ ਉਸ ਨੇ ਭੋਗ ਲਿਆ, ਉਹ ਖਤਮ ਹੋ ਗਿਆ, ਆਉਣ ਵਾਲੇ ਸਮੇਂ ਵਿੱਚ ਉਸ ਨੂੰ ਕੋਈ ਦੁੱਖ ਨਹੀਂ ਵਾਪਰੇਗਾ। ਗੁਰਦੇਵ ਜੀ ਦਾ ਫੁਰਮਾਨ ਹੈ :-

**ਸਗਲੇ ਦੂਖ ਅੰਮ੍ਰਿਤ ਕਰਿ ਪੀਵੈ**
**ਬਾਹੁੜਿ ਦੁਖ ਨ ਪਾਇਦਾ।।** (੧੦੩੪)



www.AKJ.Org

# ਸ਼ਬਦ 'ਵਾਹਿਗੁਰੂ' ਦੀ ਰਚਨਾ

(ਸੂਬੇਦਾਰ ਧਰਮ ਸਿੰਘ ਸੁੱਜੋਂ)

ਪਿਛਲੇ ਦਿਨ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਅਵਤਾਰ ਦਿਵਸ ਦੇ ਸੰਬੰਧ ਵਿਚ ਬਰਮਿੰਘਮ ਦੇ ਇਕ ਗੁਰਦੁਵਾਰੇ ਦਾ ਪ੍ਰੋਗਰਾਮ, ਰੇਡੀਓ ਤੋਂ Relay ਹੋ ਰਿਹਾ ਸੀ ਜਿਸ ਵਿਚ ਕੀਰਤਨ ਕਰਦੇ ਹੋਏ ਇਕ ਵੀਰ, 'ਵਾਹਿਗੁਰੂ' ਸ਼ਬਦ ਦੀ ਰਚਨਾ ਦੇ ਸੰਬੰਧ ਵਿਚ, ਸੰਗਤ ਨੂੰ ਸਮਝਾ ਰਹੇ ਸਨ ਕਿ, ਵਾਸਦੇਵ ਤੋਂ ਵਾਵਾ, ਹਰੀ ਤੋਂ ਹਾਹਾ, ਗੋਬਿੰਦ ਤੋਂ ਗੱਗਾ ਅਤੇ ਰਾਮ ਤੋਂ ਰਾਰਾ ਅੱਖਰ ਲੈ ਕੇ, ਗੁਰੂ ਨਾਨਕ ਦੇਵ ਜੀ ਨੇ ਵਾਹਿਗੁਰੂ ਸ਼ਬਦ ਦੀ ਰਚਨਾ ਕੀਤੀ, ਕੀਰਤਨ ਕਰਨੇ ਵਾਲੇ ਵੀਰ ਦਾ ਇਹ ਵਿਚਾਰ, ਉਨ੍ਹਾਂ ਦਾ ਅਪਣਾ ਕੋਈ ਨਵਾਂ ਵਿਚਾਰ ਨਹੀਂ ਸੀ, ਸੱਗੋਂ ਇਹ ਵਿਚਾਰ ਕਾਫੀ ਲੰਮੇ ਸਮੇਂ ਤੋਂ, ਪੰਥ ਦੇ ਅੰਦਰ ਪਰਚਾਰਤ ਹੁੰਦਾ ਚਲਿਆ ਆ ਰਿਹਾ ਹੈ। ਇਹ ਵਿਚਾਰ ਕਿਥੋਂ ਤਕ ਦਰੁਸਤ ਜਾਂ ਗਲਤ ਹੈ, ਇਸ ਬਾਰੇ ਵਿਚਾਰ, ਇਸ ਤੋਂ ਪਹਿਲਾਂ ਭੀ 'ਨਾਮ' ਦੇ ਪਰਕਰਣ ਵਿਚ ਦਾਸ ਸੰਖੇਪ ਤੋਰ ਤੇ ਪੇਸ਼ ਕਰ ਚੁੱਕਾ ਹੈ। ਹੁਣ ਫੇਰ ਇਸੀ ਵਿਚਾਰ ਨੂੰ ਪਰਚਾਰਿਆ ਜਾਂਦਾ ਦੇਖਕੇ, ਇਸ ਵਿਸ਼ੇ ਤੇ ਕੁਝ ਵਿਸਥਾਰ ਸੈਹਤ ਵਿਚਾਰ ਪੇਸ਼ ਕਰਨ ਦੀ ਜ਼ਰੂਰਤ ਮੈਹਸੂਸ ਹੋਈ। ਸਿਖ ਮੱਤਿ ਵਿਚ ਕੁਝ ਸੱਜਣ ਐਸੇ ਭੀ ਹਨ ਜੋ ਜਾਣੇ, ਜਾਂ ਅਣਜਾਣੇ ਅਤੇ ਬਗੈਰ ਕਿਸੀ ਘੋਖ ਦੇ ਕੀਤਿਆਂ, ਇਹ ਸੋਚਦੇ ਹਨ ਕਿ ਸਿਖ ਮੱਤਿ ਦੂਸਰੇ ਪੁਰਾਣੇ ਮੱਤਾਂ ਦੇ ਮੁਕਾਬਲੇ ਤੇ ਇਕ ਬਹੁਤ ਹੀ ਨਵੀਨ ਮਤ ਹੈ, ਇਸ ਲਈ ਇਹ, ਪਹਿਲਾਂ ਤੋਂ ਮੌਜੂਦ ਮੱਤਾਂ ਵਿਚੋਂ ਕਿਸੀ ਨਾਂ ਕਿਸੀ ਮਤ ਦਾ ਨਵੀਨੀ ਕ੍ਰਿਤ ਜਾਂ Modified system ਹੈ। ਓਹ ਆਪਣੇ ਇਸ ਅਣਜਾਣ ਪੁਣੇ ਦੇ ਕਾਰਨ ਇਸ ਨੂੰ ਪਹਿਲੇ ਕਿਸੀ ਵੱਡੇ ਮ੍ਰਤ ਨਾਲ ਜੋੜ ਕੇ, ਉਸ ਦੇ ਅਨੂਕੂਲ ਸਾਬਤ ਕਰਨੇ ਵਿਚ ਫਖਰ ਮੈਹਸੂਸ ਕਰਦੇ ਹਨ। ਜਦੋਂ ਅਸੀਂ ਸਿਖ ਮੱਤਿ ਦੇ ਸਿਧਾਂਤ ਨੂੰ ਦੂਸਰੇ ਮੱਤਾਂ ਦੇ ਸਿਧਾਂਤਾਂ ਨਾਲ ਟਕਰਾ ਕੇ ਜਾਂ ਮੁਕਾਬਲਾ ਕਰਕੇ ਦੇਖਦੇ ਹਾਂ, ਕਿ ਦੂਸਰੇ ਮੱਤਿ ਇਨਸਾਨ ਨੂੰ ਰੂਹਾਨੀਅਤ ਦੇ ਸਫਰ ਵਿਚ ਕਿਥੋਂ ਤਕ ਅੱਗੇ ਲੈ ਕੇ ਜਾਂਦੇ ਹਨ ਤੇ ਉਨ੍ਹਾਂ ਦੇ ਮੁਕਾਬਲੇ ਤੇ, ਸਿਖ ਮਤਿ, ਇਨਸਾਨ ਨੂੰ ਕਿਥੋਂ ਤੱਕ ਅੱਗੇ ਲੈ ਕੇ ਜਾਂਦਾ ਹੈ ਤਾਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਗੁਰਮਤਿ, ਨਾਂ ਹੀ ਤਾਂ ਕਿਸੀ ਪਹਿਲੇ ਮੱਤਿ ਵਿਚੋਂ ਫੁਟੀ ਹੋਈ ਉਸ ਮੱਤਿ ਦੀ ਕੋਈ ਸ਼ਾਖ ਹੀ ਹੈ ਅਤੇ ਨਾਂ ਹੀ ਕਿਸੀ ਭੀ ਪਹਿਲੇ ਮੱਤਿ ਦਾ ਇਹ ਨਵੀਨੀ ਕ੍ਰਿਤ ਜਾਂ Modified System ਹੀ ਹੈ। ਸੱਗੋਂ ਗੁਰਮੱਤਿ, ਨਿਰੋਲ ਇਕ ਸਵੇਤੰਤ੍ਰ , ਆਜ਼ਾਦ ਜਾ Independent ਮੱਤਿ ਹੈ। ਇਸ ਦਾ ਆਪਣਾ ਇਕ ਵੱਖਰਾ ਤੇ ਨਵਾਂ ਸਿਧਾਂਤ ਹੈ। ਇਸ ਲਈ ਇਸ ਨੂੰ ਕਿਸੀ ਪਹਿਲੇ ਮੱਤਿ ਦਾ ਪਿਛ ਲਗ ਬਣਾਉਣ ਦੀ ਕੋਸ਼ਿਸ਼ ਕਰਨਾ, ਇਕ ਮਹਾਨ ਗਲਤੀ ਹੋਵੇਗਾ। 'ਵਾਹਿਗੁਰੂ' ਸ਼ਬਦ ਦੀ ਰਚਨਾਂ ਦੇ ਸੰਬੰਧ ਵਿਚ, ਉਪਰ ਦਿਤੇ ਵਿਚਾਰ ਭੀ, ਇਸੀ ਸੌੜੀ ਸੋਚ ਦੀ ਹੀ ਉਪਜ ਹਨ।

ਆਓ ਇਸ ਦੀ ਕੁਝ ਪੜਚੋਲ ਕਰੀਏ। ਵ-ਹ-ਗ-ਰ। ਇਹ ਚਾਰ ਅੱਖਰ ਤਾਂ ਚਾਰ ਸਰੇਸ਼ਟ ਹਸਤੀਆਂ ਦੇ ਨਾਵਾਂ ਤੋਂ ਲੈ ਲਏ ਗਏ ਹਨ ਪਰ 'ਵਾਹਿਗੁਰੂ' ਸ਼ਬਦ ਨੂੰ ਲਗੀਆ ਲਗਾਂ, ਕੱਨਾ ਸਿਹਾਰੀ, ਔਂਕੜ ਅਤੇ ਦੁਲੈਂਕੜ ਕਿਥੋਂ ਲਈਆਂ ਗਈਆਂ, ਇਸ ਦਾ ਕਿਤੇ ਕੋਈ ਭੀ ਜ਼ਿਕਰ ਨਹੀਂ ਮਿਲਦਾ। ਜਦੋਂ ਇਹ ਲਗਾਂ ਬਾਹਰੋਂ ਕਿਤਿਓਂ ਲਈਆਂ ਜਾਣ ਦਾ ਕੋਈ ਜ਼ਿਕਰ ਲਹੀਂ ਮਿਲਦਾ ਤਾਂ ਮੰਨਣਾ ਪਵੇਗਾ ਕਿ ਉਪਰ ਬਿਆਨ ਹੋਏ ਚਾਰ ਸਰੇਸ਼ਟ ਹਸਤੀਆਂ ਦੇ ਨਾਵਾਂ ਤੋਂ ਹੀ ਲਈਆਂ ਗਈਆਂ ਹੋਣੀਆਂ ਚਾਹੀਦੀਆਂ ਹਨ। ਵਾਸਦੇਵ ਵਿਚ ਵਾਵੇ ਨੂੰ ਕੱਨਾ ਹੈ ਹਰੀ ਦਾ ਹਾਹਾ ਮੁਕਤਾ ਹੈ। ਗੋਬਿੰਦ ਦੇ ਗੱਗੇ ਨੂੰ ਹੋੜਾ ਹੈ ਤੇ ਰਾਮ ਦੇ ਰਾਰੇ ਨੂੰ ਕੱਨਾ ਹੈ। ਜੇ ਇਹ ਲਗਾਂ ਲਈਆਂ ਜਾਂਦੀਆਂ ਹਨ ਤਾਂ ਸ਼ਬਦ ਬਣਦਾ ਹੈ ਵਾਹਗੋਰਾ। ਜੇ ਵਾਹਗੋਰਾ ਨੂੰ ਵਾਹਿਗੁਰੂ ਬਣਾਇਆ ਗਿਆ ਹੈ ਤਾਂ ਇਸ ਸ਼ਬਦ ਵਿਚ ਵਰਤੀਆਂ, ਵਖਰੀਆਂ ਲਗਾ ਕਿਥੋਂ ਤੇ ਕਿਉਂ ਲੈਣੀਆਂ ਪਈਆਂ ਸ਼ਬਦ 'ਵਾਹਗੋਰਾ' ਵਿਚ ਕੀ ਘਾਟ ਸੀ ਜੋ 'ਵਾਹਿਗੁਰੂ' ਬਣਾ ਕੇ ਪੂਰੀ ਕਰ ਦਿਤੀ ਗਈ। ਇਸ ਬਾਰੇ ਕਿਸੀ ਭੀ ਥਾਂ ਤੋਂ ਕੋਈ ਭੀ ਜਾਣਕਾਰੀ ਉਪਲਬਦ ਨਹੀਂ ਹੈ।

ਇਸ ਵਿਚਾਰ ਦੇ ਹਾਮੀਆਂ ਪਾਸ ਇਕ ਦਲੀਲ ਇਹ ਹੋ ਸਕਦੀ ਹੈ ਕਿ ਇਸ ਦਾ ਜ਼ਿਕਰ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਆਖਰੀ ਪਉੜੀ ਨੰ: ੪੯ ਵਿਚ ਮਿਲਦਾ ਹੈ। ਇਹ ਜ਼ਿਕਰ ਭੀ ਲਗਾਂ-ਮਾਤ੍ਰਾਂ ਦੇ ਪਖੋਂ ਅਧੂਰਾ ਹੈ। ਲਗਾਂ ਕਿਥੋਂ ਲਈਆਂ ਗਈਆਂ ਹਨ ਇਸ ਦਾ ਜ਼ਿਕਰ ਇਸ ਪਉੜੀ ਵਿਚ ਭੀ ਦਰਜ ਨਹੀਂ ਹੈ। ਇਸ ਲਈ ਦਲੀਲ ਦੇ ਪਖੋਂ ਇਹ ਅਧੂਰੀ ਹੈ। ਇਸ ਵਿਚ ਕੋਈ ਵਜ਼ਨ ਨਜ਼ਰ ਨਹੀਂ ਆਉਂਦਾ।

ਪੰਥ ਅੰਦਰ ਇਕ ਮਨੌਤ ਇਹ ਭੀ ਮੰਨੀ ਚਲੀ ਆਉਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਸੀ ਪਿਛਲੇ ਜਨਮ ਵਿਚ ਨੌਂ ਯੁਗ ਤਾੜੀ ਲਾਈ। ਜਦੋਂ ਅੱਖ ਖੁਲੀ ਤਾ ਆਖਿਆ 'ਵਾ' ਫੇਰ ਨੌਂ ਯੁਗ ਤਾੜੀ ਲਾਈ। ਅੱਖ ਖੁਲੀ ਤਾਂ ਆਖਿਆ 'ਹਿ' । ਇਸੀ ਤਰਾਂ ਹੀ ਨੌਂ ਨੌਂ ਯੁਗ ਦੀ ਤਾੜੀ ਪਿਛੋਂ 'ਗੁ' ਤੇ 'ਰੂ' ਆਖਿਆ। ਇਸ ਮਨੌਤ


www.AKJ.Org

ਅਨੁਸਾਰ ੩੬ ਯੁਗ ਦੀ ਤਾੜੀ ਪਿਛੋਂ ਸ਼ਬਦ 'ਵਾਹਿਗੁਰੂ' ਦੀ ਰਚਨਾ ਸੰਪੂਰਨ ਹੋਈ। ਇਲਮ ਜੋਤਿਸ਼ ਅਨੁਸਾਰ ਸਤਿਯੁਗ, ਦੁਆਪਰ, ਤਰੇਤਾ ਅਤੇ ਕਲ ਯੁਗ। ਇਨ੍ਹਾਂ ਚੌਹਾਂ ਯੁਗਾਂ ਦੀ ਉਮਰ ੪੩੨੦੦੦੦/-ਸਾਲ ਹੈ। ਇਸ ਲਈ 'ਵਾਹਿਗੁਰੂ' ਸ਼ਬਦ ਦੀ ਸੰਪੂਰਨ ਬਣਤਰ ਨੂੰ ੩੬ ਯੁਗ ਜਾਂ ੩,੮੮,੮੦,੦੦੦/ ਸਾਲ ਦਾ ਸਮਾਂ ਲਗਾ। ਕਿਆ ਦੁਨੀਆਂ ਦੀ ਤਾਰੀਖ ਵਿੱਚ ਕਦੇ ਕੋਈ ਸਮਾਂ ਐਸਾ ਭੀ ਆਇਆ ਸੀ ਜਦੋਂ ਇਨਸਾਨ ਦੀ ਉਮਰ ਕੋਈ ਚਾਰ ਕਰੋੜ ਸਾਲ ਦੀ ਹੁੰਦੀ ਹੋਵੇ ? ਆਸ ਤਾਂ ਨਹੀਂ ਕਿ ਕਦੇ ਕੋਈ ਐਸਾ ਸਮਾਂ ਆਇਆ ਹੋਵੇ। ਇਸ ਮਨੌਤ ਵਿਚ ਨੌਂ ਨੌਂ ਯੁਗ ਦੀ ਤਾੜੀ ਪਿਛੋਂ ਵਾ-ਹਿ-ਗੁ-ਰੂ ਦੇ ਉਚਾਰਨ ਹੋਣ ਪਿਛੋ ਭੀ ਕੋਈ ਮਾਅਕੂਲ ਦਲੀਲ ਨਹੀਂ ਦਿਤੀ ਗਈ। ਹੁਣ ਪੰਥ ਅੱਗੇ ਦੋ ਮਨੌਤਾਂ ਹਨ। ਇਕ ਇਹ ੩੬ ਯੁਗਾਂ ਦੀ ਤਾੜੀ ਵਾਲੀ ਤੇ ਦੂਸਰੀ ਭਾਈ ਗੁਰਦਾਸ ਜੀ ਨਾਲ ਜੋੜੀ ਵਾਰ ਦੀ । ਇਨ੍ਹਾਂ ਦੋਨਾਂ ਮਨੌਤਾਂ ਵਿਚੋਂ ਤੁਸੀਂ ਕਿਸ ਨੂੰ ਦਰੁਸਤ ਤੇ ਕਿਸ ਨੂੰ ਗਲਤ ਆਖੋਗੇ। ਆਖੋਗੇ ਤਾਂ ਕਿਸ ਆਧਾਰ ਤੇ।

ਪਰਤੀਤ ਐਉਂ ਹੁੰਦਾ ਹੈ ਕਿ ਸ਼ਬਦ 'ਵਾਹਿਗੁਰੂ' ਨੂੰ ਅਤਿ ਉੱਤਮ ਸ਼ਬਦ ਦਰਸਾਉਣ ਦੀ ਖਾਤਰ, ਇਹ ਦੋਵੇਂ ਮਨੌਤਾਂ ਘੜੀਆਂ ਗਈਆਂ। ਇਨ੍ਹਾਂ ਦੋਨਾਂ ਮਨੌਤਾਂ ਦੀ ਘਾੜਤ ਨੇ ਪੰਥ ਨੂੰ ਭੱਬਲ ਭੂਸੇ ਵਿਚ ਪਾ ਦਿਤਾ ਹੈ। ਪੰਥ ਕਿਸ ਨੂੰ ਦਰੁਸਤ ਤੇ ਕਿਸ ਨੂੰ ਗਲਤ ਆਖੇ। ਨੀਤੀਵਾਨਾਂ ਦਾ ਇਹ ਭੀ ਕਥਨ ਹੈ ਕਿ ਕਿਸੀ ਭੀ ਕੌਮ ਜਾਂ ਮਜ਼ਹਬ ਨੂੰ ਆਸਾਨੀ ਨਾਲ ਖਤਮ ਕਰਨਾ ਹੋਵੇ ਤਾਂ ਉਸ ਕੌਮ ਜਾਂ ਮਜ਼ਹਬ ਦੀ ਬੋਲੀ, ਹਿਸਟਰੀ ਅਤੇ ਸਿਧਾਂਤ ਨੂੰ ਗੰਧਲਾ ਕਰ ਦਿਓ। ਉਹ ਮਜ਼ਹਬ ਜਾਂ ਕੌਮ ਆਪਣੀ ਮੌਤ ਆਪ ਹੀ ਮਰ ਜਾਏਗੀ। ਨੀਤੀਵਾਨਾਂ ਦੀ ਇਸ ਨੀਤੀ ਅਨੁਸਾਰ ਜਦੋਂ ਅਸੀਂ ਭੀ ਅਪਣੀ ਬੋਲੀ, ਹਿਸਟਰੀ ਤੇ ਸਿਧਾਂਤ ਵਲ ਨਜ਼ਰ ਮਾਰਦੇ ਹਾਂ ਤਾਂ ਇਨ੍ਹਾਂ ਨੂੰ ਗੰਧਲਾ ਕਰਨ ਦੇ ਪਰਤੱਖ ਸਬੂਤ ਮਿਲਦੇ ਹਨ। ਪੰਜਾਬੀ ਬੋਲੀ ਜੋ ਅਜ ਤੋਂ ਕੋਈ ੧੦੦ ਸਾਲ ਪਹਿਲਾਂ ਬੋਲੀ ਜਾਂਦੀ ਸੀ ਉਸ ਵਿਚ ਹਿੰਦੀ ਤੇ ਸੰਸਕ੍ਰਿਤ ਦੇ ਸ਼ਬਦਾਂ ਦੀ ਇਤਨੀ ਭਰਮਾਰ ਹੋ ਗਈ ਹੈ ਕਿ ਇਹ ਨਾਂ ਹੁਣ ਪੰਜਾਬੀ ਹੀ ਪਰਤੀਤ ਹੁੰਦੀ ਹੈ ਤੇ ਨਾ ਹੀ ਹਾਲੇ ਪੂਰੀ ਹਿੰਦੀ ਹੀ ਬਣ ਸਕੀ ਹੈ। ਜੇ ਪੰਜਾਬੀ ਨੂੰ ਬਗਾੜਨੇ ਦੀ ਇਹ ਹੀ ਰਫਤਾਰ ਚਲਦੀ ਰਹੀ ਤਾਂ ਆਉਣ ਵਾਲੇ ੧੦੦ ਸਾਲ ਵਿਚ ਇਹ ਭੁਲੀ ਵਿਸਰੀ ਜ਼ਬਾਨ ਬਣ ਕੇ ਰੈਹ ਜਾਏਗੀ। ਇਹ ਤਾ ਹਸ਼ਰ ਹੋਵੇਗਾ ਸਾਡੀ ਮਾਂ ਬੋਲੀ ਦਾ। ਸਿਖ ਹਿਸਟਰੀ ਦੀ ਤਬਦੀਲੀ ਵੰਨਗੀ ਭੀ ਹਾਜ਼ਰ ਹੈ। ਕਲਗੀਧਰ ਪਾਤਸ਼ਾਹ ਜਿਨ੍ਹਾਂ ਨੇ ਦੇਸ਼ ਦੀ ਖਾਤਰ ਅਪਣਾ ਸਾਰਾ ਹੀ ਵੰਸ਼ ਕੁਰਬਾਨ ਕਰ ਦਿਤਾ ਉਨ੍ਹਾਂ ਕਲਗੀਧਰ ਨੂੰ ਸਤਿਗੁਰੂ ਦੀ ਪਦਵੀ ਤੋਂ ਲਾਹ ਕੇ, ਇੱਕ ਮਦਾਰੀ ਬਣਾ ਕੇ ਰਖ ਦਿਤਾ ਹੈ। ਮਦਾਰੀ ਝੋਲੇ ਵਿਚ ਹਥ ਪਾ ਕੇ-ਜਾਂ ਪਰਦੇ ਪਿਛੇ ਕਰਦਾ ਕੁਛ ਹੁੰਦਾ ਹੈ ਤੇ ਲੋਕਾਂ ਨੂੰ ਦਖਾਉਂਦਾ ਕੁਛ ਹੋਰ ਹੁੰਦਾ ਹੈ। ਹੁਣ ਸ਼ੋਸ਼ਾ ਇਹ ਛੱਡਿਆ ਜਾ ਰਿਹਾ ਹੈ ਕਿ ਕਲਗੀਧਰ ਜੀ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਪੰਜ ਸਿੰਘ ਨਹੀਂ, ਪੰਜ ਬਕਰੇ ਝਟਕਾਏ ਸਨ। ਭਲਾ ਮਰੇ ਹੋਏ ਨੂੰ ਕੋਈ ਜੀਉਂਦਾ ਭੀ ਕਰ ਸਕਦਾ ਹੈ? ਇਨ੍ਹਾਂ ਭਲੇਮਾਣਸਾਂ ਨੂੰ ਕੋਈ ਪੁੱਛਣ ਵਾਲਾ ਹੋਵੇ ਕਿ ਬਾਬਾ ਅਟਲ ਤਾਂ ਸਤਿਗੁਰੂ ਨਹੀਂ ਸਨ। ਸਤਿਗੁਰੂ ਜੀ ਦੀ ਔਲਾਦ ਹੀ ਸਨ। ਉਨ੍ਹਾਂ ਅਠ ਸਾਲ ਦੀ ਉਮਰ ਵਿਚ ਆਪਣੇ ਨਾਲ ਖੇਲ੍ਹਣ ਵਾਲੇ ਮਿੱਤਰ ਨੂੰ ਜੀਉਂਦਾ ਕਰ ਲਿਆ ਸੀ ਤਾਂ ਕੀ ਕਲਗੀਧਰ ਜੀ ਸਤਿਗੁਰੂ ਦੀ ਪਦਵੀ ਦੇ ਮਾਲਕ ਖੁਦ ਮੁਰਦੇ ਨੂੰ ਜੀਉਂਦਾ ਨਹੀਂ ਕਰ ਸਕਦੇ ?

ਅੱਗੇ ਹੁਣ ਸਿਧਾਂਤ ਨੂੰ ਗੰਧਲਾ ਕਰਨ ਦੀ ਵੰਨਗੀ ਭੀ ਲੈ ਲਓ। ਗੁਰੂ ਗ੍ਰੰਥ ਸਾਹਿਬ ਵਿਚ ਰਾਗ ਮਾਲਾ ਬਾਰੇ ਵਿਵਾਦ ਹੈ। ਕੁਝ ਵੀਰਾਂ ਅਨੁਸਾਰ ਇਹ ਗੁਰਬਾਣੀ ਹੈ ਤੇ ਕੁਝ ਵੀਰਾਂ ਦਾ ਆਖਣਾ ਹੈ ਕਿ ਇਕ ਆਲਮ ਕਵੀ ਹੋਇਆ ਹੈ ਉਸ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ੧੯/੨੦ ਸਾਲ ਪਹਿਲਾਂ, ਮਾਧਵਾ ਨਲ ਤੇ ਕਾਮ ਕੰਦਲਾ ਦੇ ਪਿਆਰ ਦੀ, ਕਵਿਤਾ ਦੇ ਰੂਪ ਵਿਚ ਪੁਸਤਕ ਤਿਆਰ ਕੀਤੀ ਜਿਸ ਵਿਚੋਂ ਪਿਛੋਂ ਕਿਸੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਕੁਛ ਛੰਦ, ਆਲਮ ਕਵੀ ਦੀ ਕਵਿਤਾ ਵਿਚੋਂ ਪਾ ਦਿਤੇ। ਰਾਗ ਮਾਲਾ ਬਾਣੀ ਹੈ ਜਾਂ ਨਹੀਂ ਮੈਂ ਇਸ ਬੈਹਸ ਵਿਚ ਉਲਝਣਾ ਨਹੀਂ ਚਾਹੁੰਦਾ। ਪੰਥ ਦਾ ਫੈਸਲਾ ਇਹ ਹੈ ਕਿ ਜਦੋਂ ਤਕ ਪੰਥਕ ਤੌਰ ਤੇ ਕੋਈ ਹੋਰ ਫੈਸਲਾ ਨਾਂ ਹੋ ਜਾਏ ਮਹਾਰਾਜ ਦੀ ਕੋਈ ਬੀੜ ਰਾਗ ਮਾਲਾ ਤੋਂ ਬਗੈਰ ਨਾਂ ਛਾਪੀ ਜਾਏ। ਕੋਈ ਰਾਗ ਮਾਲਾ ਪੜ੍ਹੇ ਜਾਂ ਕੋਈ ਨਾਂ ਪੜ੍ਹੇ ਦੋਨੋਂ ਹੀ ਪਰਵਾਨ ਹਨ।

ਉਪਰ ਬੋਲੀ, ਹਿਸਟਰੀ ਅਤੇ ਸਿਧਾਂਤ ਨੂੰ ਗੰਧਲਾ ਕਰਨ ਦੀ ਇਕ ਵੰਨਗੀ ਪੇਸ਼ ਕੀਤੀ ਹੈ। ਹੁਣ ਇਸੀ ਸੰਧਰਬ ਦੀ ਰੌਸ਼ਨੀ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾ ਵਲ ਆਉਂਦੇ ਹਾਂ ਪੁਸਤਕ ਵਾਰਾਂ ਭਾਈ ਗੁਰਦਾਸ ਵਿਚ ੪੧ ਵਾਰਾਂ ਦਰਜ ਹਨ। ਹੁਣ ਆ ਕੇ ਕੁਛ ਵਿਦਵਾਨਾਂ ਨੇ ਖੋਜ ਕਰਕੇ ਦਸਿਆ ਹੈ ਕਿ ਆਖਰੀ ਦੋ ਵਾਰਾਂ ੪੦ ਤੇ ੪੧ ਭਾਈ ਗੁਰਦਾਸ ਜੀ ਦੀ ਰਚਨਾ ਨਹੀਂ।


www.AKJ.Org

ਇਹ ਪਿਛੋਂ ਸ਼ਾਮਲ ਕੀਤੀਆਂ ਗਈਆਂ। ਜੇ ਇਹ ਹਕ਼ੀਕ਼ਤ ਦਰੁਸਤ ਹੈ ਤਾਂ ਵਾਰ ਪਹਿਲੀ ਦੀ ਆਖਰੀ ਪਉੜੀ ਨੰ: ੪੯ ਭੀ ਪਿਛੋਂ ਹੀ ਰਲਾਈ ਗਈ ਪਰਤੀਤ ਹੁੰਦੀ ਹੈ ਕਾਰਨ ਇਹ ਹੈ ਕਿ ਇਹ ਪਉੜੀ ਭਾਈ ਗੁਰਦਾਸ ਜੀ ਦੀ ਅਪਣੀ ਹੀ ਹੋਰ ਰਚਨਾ ਦੇ ਵਿਰੁਧ ਹੈ ਤੇ ਗੁਰਬਾਣੀ ਦੇ ਸਿਧਾਂਤ ਨਾਲ ਭੀ ਮੇਲ ਨਹੀਂ ਖਾਂਦੀ। ਭਾਈ ਗੁਰਦਾਸ ਜੀ ਵਾਰ ੧੨ ਦੀ ਪਉੜੀ ੧੭ ਵਿਚ ਲਿਖਦੇ ਹਨ ਕਿ ਨਿਰੰਕਾਰ ਆਕਾਰ ਕਰ ਜੋਤਿ ਸਰੂਪ ਅਨੂਪ ਦਖਾਇਆ।। (ਵਾਰ੧੨)

**ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰਸਬਦ ਸੁਣਾਇਆ।।**

(ਪਉੜੀ ੧੭)

**ਇਸ ਤੁਕ ਦਾ ਭਾਵ ਅਰਥ** ਇਹ ਹੈ ਕਿ ਨਿਰੰਕਾਰ **ਜਦੋਂ ਆਕਾਰ ਧਾਰਨ ਕਰਦਾ ਹੈ** ਤਾਂ ਜੋਤਿ ਦੇ ਰੂਪ ਵਿਚ **ਦਖਾਈ ਦਿੰਦਾ ਹੈ ਤੇ** 'ਵਾਹਿਗੁਰੂ' ਗੁਰਸ਼ਬਦ ਦੀ ਆਵਾਜ਼ **ਦੇ ਰੂਪ ਵਿਚ ਸੁਣਾਈ ਦਿੰਦਾ ਹੈ।** ਵਾਹਿਗੁਰੂ ਸ਼ਬਦ ਦੀ **ਆਵਾਜ਼ ਨੂੰ ਨਾਮ ਭੀ ਆਖਿਆ ਹੈ** ਤੇ ਅਗੋਂ ਇਸੀ ਨਾਮ **ਤੋਂ ਸੰਸਾਰ ਦੀ ਰਚਨਾ** ਹੁੰਦੀ ਹੈ "ਨਾਮ ਕੇ ਧਾਰੇ ਖੰਡ **ਬ੍ਰਹਮੰਡ"। ਇਸ ਵਿਚਾਰ** ਦਾ ਅਰਥ ਹੋਇਆ ਕਿ ਨਾਮ **ਸੰਸਾਰ ਦੀ ਰਚਨਾ** ਤੋਂ ਭੀ ਪਹਿਲਾਂ ਮੌਜੂਦ ਹੈ। ਆਪੀ **ਨੈ ਆਪੁ ਸਾਜਿਓ** ਆਪੀ ਨੈ ਰਚਿਓ ਨਾਓ" ਅਕਾਲ ਪੁਰਖ **ਨੇ ਅਪਣੀ ਸਾਜਨਾਂ** ਦੇ ਸੰਗ ਸਾਥ ਹੀ ਨਾਮ ਦੀ ਭੀ ਰਚਨਾ **ਕੀਤੀ। ਇਸੀ** ਕਰਕੇ ਹੀ ਆਖਿਆ ਗਿਆ ਹੈ ਕਿ ਸਤਿਨਾਮ ਤੇਰਾ ਪਰਾ ਪੂਰਬਲਾ ਨਾਮ ਸੰਸਾਰ ਦੀ ਰਚਨਾ ਤੋਂ ਭੀ ਪਹਿਲਾਂ ਮੌਜੂਦ ਹੈ। ਜਦੋਂ ਕਿ ਚਾਰ ਸਰੇਸ਼ਟ ਹਸਤੀਆਂ ਅਤੇ ਪਿਛਲੇ ਕਿਸੀ ਜਨਮ ਵਿਚ ਗੁਰੂ ਨਾਨਕ ਦੇਵ ਜੀ ਦੀ ੩੬ ਯੁਗ ਦੀ ਤਾੜੀ ਦੀ ਕਹਾਣੀ ਭੀ ਸੰਸਾਰ ਦੀ ਰਚਨਾ ਤੋਂ ਦੇਰ ਚਿਰ ਪਿਛੋਂ, ਇਨਸਾਨ ਦੇ ਸੰਸਾਰ ਵਿਚ ਆਉਣ ਤੇ ਹੀ ਅਮਲ ਵਿਚ ਆ ਸਕਦੀ ਹੈ

ਇਸ ਲਈ ਚਾਰ ਸਰੇਸ਼ਟ ਹਸਤੀਆਂ ਦੇ ਨਾਮਾਂ ਤੋਂ ਤੇ ਗੁਰੂ ਨਾਨਕ ਦੇਵ ਜੀ ਦੇ ਪਿਛਲੇ ਕਿਸੀ ਜਨਮ ਦੀ ੩੬ ਯੁਗ ਦੀ ਤਾੜੀ ਦੀ ਕਹਾਣੀ, ਨਾਂ ਤਾਂ ਭਾਈ ਗੁਰਦਾਸ ਜੀ ਦੀ ਅਪਣੀ ਰਚਨਾ ਦੇ ਹੀ ਅਨਕੂਲ ਹੈ ਤੇ ਨਾਂ ਹੀ ਗੁਰਬਾਣੀ ਦੇ ਸਿਧਾਂਤ ਨਾਲ ਹੀ ਮੇਲ ਖਾਂਦੀ ਹੈ। ਇਸ ਲਈ ਇਨ੍ਹਾਂ ਦੋਨਾਂ ਹੀ ਮਨੌਤਾਂ ਨੂੰ ਦਰੁਸਤ ਨਹੀਂ ਮਨਿਆ ਜਾ ਸਕਦਾ।

ਇਸੀ ਹੀ ਵਿਚਾਰ ਦੀ ਪੁਸ਼ਟੀ ਲਈ ਕਲਗੀਧਰ ਜੀ ਦੀ, ਭਾਈ ਨੰਦ ਲਾਲ ਜੀ ਨਾਲ ਹੋਈ ਵਾਰਤਾਲਾਪ ਵਿਚੋਂ ਇਹ ਫ਼ੁਰਮਾਨ ਭੀ ਖਾਸ ਧਿਆਨ ਯੋਗ ਹੈ।

**ਤੀਨ ਰੂਪ ਹੈ ਮੋਹਿ ਕੇ ਸੁਨਹੁ ਨੰਦ ਚਿਤ ਲਾਏ।।**
**ਨਿਰਗੁਨ, ਸਰਗੁਣ ਗੁਰ ਸ਼ਬਦ ਕਹਹੁੰ ਤੋਹਿ ਸਮਝਾਇ।।**

ਤੀਨ ਰੂਪ ਹੈ ਮੋਹਿ ਕੇ ਨੂੰ ਪਹਿਲਾ ਸਮਝਣਾ ਹੈ ਭੱਟਾ ਦੀ ਬਾਣੀ ਵਿਚ ਸਤਿਗੁਰੂ ਜੀ ਬਾਰੇ ਦਰਜ ਹੈ ਕਿ: ਆਪਿ ਨਾਰਾਇਣ ਕਲਾਧਾਰ ਜਗ ਮਹਿ ਪਰਵਰਿਅਉ।।
ਨਿਰੰਕਾਰ ਆਕਾਰੁ ਜੋਤਿ ਜਗ ਮੰਡਲਿ ਕਰਿਯਉ।। (੧੩੯੫)
ਜਾਂ ਪਤ੍ਰੀਛਿ ਰਿਦੈ ਗੁਰ ਅਰਜੁਨ ਕੈ ਪੂਰਨ ਬ੍ਰਹਮਿ ਨਿਵਾਸੁ ਲੀਆਉ।। (੧੪੦੯)

ਇਸ ਫ਼ੁਰਮਾਨ ਅਨੁਸਾਰ ਗੁਰੂ ਨਾਨਕ ਦੇਵ ਜੀ ਗੁਰੂ ਅਰਜਨ ਦੇਵ ਜੀ ਜਾਂ ਕਲਗੀਧਰ ਜੀ ਸਾਰੇ ਹੀ ਪ੍ਰਤੱਖ ਪੂਰਨ ਬ੍ਰਹਮ ਦਾ ਹੀ ਸਰੂਪ ਸਨ। ਉਪਰ ਦਿਤੇ ਫ਼ੁਰਮਾਨ ਵਿਚ ਭੀ ਭਾਵ ਕਲਗੀਧਰ ਜੀ ਦੇ ਪੰਜ ਭੂਤਕ ਸਰੀਰ ਤੋਂ ਨਹੀਂ ਉਨ੍ਹਾਂ ਦੇ ਪੂਰਨ ਬ੍ਰਹਮ ਦੇ ਸਰੂਪ ਦਾ ਹੀ ਜ਼ਿਕਰ ਹੈ। ਇਸ ਫ਼ੁਰਮਾਨ ਅਨੁਸਾਰ ਪੂਰਨ ਬ੍ਰਹਮ ਦਾ ਤੀਸਰਾ ਸਰੂਪ ਗੁਰਸ਼ਬਦ ਬਿਆਨ ਕੀਤਾ ਹੈ। ਭਾਈ ਗੁਰਦਾਸ ਜੀ ਅਨੁਸਾਰ 'ਵਾਹਿਗੁਰੂ' ਗੁਰ-ਸ਼ਬਦ ਲੈ ਪਿਰਮ ਪਿਆਲਾ ਚੁੱਪ ਚਬੋਲਾ (੪੧੭ਵਾਰ)। ਕਲਗੀਧਰ ਜੀ ਦੀ ਦਿਤੀ ਵਿਚਾਰ ਦਾ ਅਰਥ ਹੋਇਆ ਕਿ ਵਾਹਿਗੁਰੂ ਸ਼ਬਦ ਅਕਾਲ-ਪੁਰਖ ਦੀ ਅਪਣੀ ਹੋਂਦ ਦੇ ਸੰਗ ਸਾਥ ਮੁੱਢ ਤੋਂ ਹੀ ਹੋਂਦ ਵਿਚ ਕਾਇਮ ਹੈ।

ਇਸ ਸਾਰੀ ਵਿਚਾਰ ਦਾ ਸਾਰ ਸਿੱਟਾ ਇਹ ਹੋਇਆ ਕਿ:-

੧) ਵਾਹਿਗੁਰੂ ਸ਼ਬਦ, ਪੂਰਨ ਬ੍ਰਹਮ ਦਾ ਤੀਸਰਾ ਸਰੂਪ ਹੈ। ਇਸ ਲਈ ਇਹ ਬ੍ਰਹਮ ਦੇ ਸੰਗ ਸਾਥ ਹੀ ਆਦਿ ਕਾਲ ਤੋਂ ਮੌਜੂਦ ਹੈ।

੨) ਵਾਹਿਗੁਰੂ ਸ਼ਬਦ ਦੇ ਰਚਨਹਾਰ ਗੁਰੂ ਨਾਨਕ ਦੇਵ ਜੀ ਨਹੀਂ, ਆਪੀ ਨੈ ਰਚਿਓ ਨਾਉ ਅਨੁਸਾਰ ਨਿਰੰਕਾਰ ਦੀ ਰਚਨਾਂ ਦੇ ਸੰਗ ਸਾਥ ਹੀ ਨਾਮ ਦੀ ਰਚਨਾ ਭੀ ਹੋਈ

੩) ਚਾਰ ਸਰੇਸ਼ਟ ਹਸਤੀਆਂ ਸੰਸਾਰ ਦੀ ਰਚਨਾ ਤੋਂ ਦੇਰ ਚਿਰ ਪਿਛੋਂ ਹੋਂਦ ਵਿਚ ਆਉਂਦੀਆਂ ਹਨ ਇਸ ਲਈ ਇਨ੍ਹਾਂ ਦੇ ਨਾਮਾ ਦੇ ਅੱਖਰ ਲੈ ਕੇ 'ਵਾਹਿਗੁਰੂ' ਸ਼ਬਦ ਦੀ ਰਚਨਾ ਦਾ ਸਵਾਲ ਪੈਦਾ ਹੀ ਨਹੀਂ ਹੁੰਦਾ।

੪) ਨਾਂ ਹੀ ਗੁਰੂ ਨਾਨਕ ਦੇਵ ਜੀ ਦ ਪਿਛਲੇ ਜਨਮ ਨਾਲ ਜੋੜ ਕੇ, ੩੬ ਯੁਗ ਤਾੜੀ ਲਾਉਣ ਦੀ ਕਹਾਣੀ ਬਣਾ ਕੇ ਹੀ ਇਸ ਨੂੰ ਦੇਖਿਆ ਜਾ ਸਕਦਾ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਦਾ ਪਿਛਲਾ ਜਨਮ ਜੇ ਕੋਈ ਹੋਇਆ ਹੋਵੇ ਤਾਂ ਓਹ ਭੀ ਤਾਂ ਸੰਸਾਰ ਦੀ ਰਚਨਾ ਦੇ ਪਿਛੋਂ ਹੀ ਹੋ ਸਕਦਾ ਹੈ ।

ਇਸ ਲਈ ਸ਼ਬਦ 'ਵਾਹਿਗੁਰੂ' ਦੀ ਰਚਨਾ ਦੇ ਸੰਬੰਧ ਵਿਚ ਖਿਆਲੀ ਘੋੜੇ ਦੌੜਾਉਂਣਾ ਗੁਰਮੱਤਿ ਦੇ ਸਿਧਾਂਤ ਦੇ ਅਨਕੂਲ ਨਹੀਂ ਹੈ। ........



www.AKJ.Org

## ਅਭਖੁ ਭਖਹਿ ਭਖੁ ਤਜਿ ਛੋਡਹਿ
## ਅੰਧੁ ਗੁਰੂ ਜਿਨ ਕੇਰਾ॥

(ਵਲੋਂ- ਸ: ਅਮਰਜੀਤ ਸਿੰਘ ਜੀ)

ਮਾਸਾਹਾਰੀ, ਮਾਸ ਖਾਣ ਦੇ ਹੱਕ ਵਿਚ "ਮਾਸੁ ਮਾਸੁ ਕਰਿ ਮੂਰਖੁ ਝਗੜੇ" ਵਾਲੇ ਗੁਰਵਾਕ ਦੇ ਮਨ-ਘੜਤ ਅਰਥ ਕਰ ਕੇ ਇਹ ਸਿੱਧ ਕਰਦੇ ਹਨ ਕਿ ਮਾਸ ਖਾਣਾ ਗੁਰਬਾਣੀ ਵਿਚ ਜਾਇਜ਼ ਦਸਿਆ ਗਿਆ ਹੈ, ਹਾਲਾਂਕਿ ਇਸ ਗੁਰਵਾਕ ਦੀ ਕਿਸੇ ਪੰਗਤੀ ਵਿਚੋਂ ਇਹ ਸਿਧ ਨਹੀਂ ਹੁੰਦਾ ਕਿ ਗੁਰੂ ਸਾਹਿਬ ਨੇ ਮਾਸ ਖਾਣ ਦੀ ਆਗਿਆ ਕੀਤੀ ਹੈ।

ਇਸ ਗੁਰਵਾਕ ਦੀ ਇਕੋ ਪੰਗਤੀ ਤੋਂ ਹੀ ਇਥੇ ਇਹ ਸਿੱਧ ਕਰ ਦੇਣਾ ਉਚਿਤ ਹੋਵੇਗਾ। ਕਿ ਮਾਸ ਖਾਣ ਦੇ ਹੱਕ ਵਿਚ ਜੋ ਅਰਥ ਕੀਤੇ ਜਾਂਦੇ ਹਨ ਉਹ ਗ਼ਲਤ ਹਨ।

"ਅਭਖੁ ਭਖਹਿ ਭਖੁ ਤਜਿ ਛੋਡਹਿ,
ਅੰਧੁ ਗੁਰੂ ਜਿਨ ਕੇਰਾ॥' (ਪੰਨਾ ੧੨੯੦)

ਇਸ ਪੰਗਤੀ ਦਾ ਅਰਥ ਮਾਸਾਹਾਰੀ ਸਜਣ ਇਸ ਤਰ੍ਹਾਂ ਕਰਦੇ ਹਨ :-

ਜਿਨ੍ਹਾਂ ਦਾ ਗੁਰੂ ਅੰਧੁਲਾ (ਅੰਨ੍ਹਾ) ਹੈ ਉਹ ਨਾ ਖਾਣ ਯੋਗ ਵਸਤੂ ਖਾਂਦੇ ਹਨ ਅਤੇ ਖਾਣ ਯੋਗ ਵਸਤੂ (ਮਾਸ) ਛਡ ਦੇਂਦੇ ਹਨ।

ਇਸ ਤੋਂ ਉਲਟ ਮਾਸ ਖਾਣ ਦੇ ਵਿਰੋਧੀ ਸਜਣ ਇਸ ਪੰਗਤੀ ਦੇ ਇਹ ਅਰਥ ਕਰਦੇ ਹਨ :-ਜਿਨ੍ਹਾਂ ਦਾ ਗੁਰੂ ਅੰਨ੍ਹਾ ਹੈ ਉਹ ਨਾ ਖਾਣ ਯੋਗ ਵਸਤੂ (ਮਾਸ) ਖਾਂਦੇ ਹਨ ਅਤੇ ਖਾਣ ਯੋਗ ਵਸਤੂ ਛਡ ਦਿੰਦੇ ਹਨ।

ਮਾਸਾਹਾਰੀ ਸਜਣ ਮਾਸ ਨੂੰ ਭਖ (ਖਾਣ ਯੋਗ ਵਸਤੂ) ਦਸਦੇ ਹਨ, ਜਦ ਕਿ ਮਾਸ ਖਾਣਾ ਮਨੁਖ ਲਈ ਨਾਜਾਇਜ਼ ਦਸਣ ਵਾਲੇ ਸਜਣ ਮਾਸ ਨੂੰ ਅਭਖ (ਨਾ ਖਾਣ ਯੋਗ ਵਸਤੂ) ਦਸਦੇ ਹਨ।

ਸਿਖ (ਖਾਲਸਾ) ਪੰਥ ਵਿਚ ਪਰੰਪਰਾ ਤੋਂ ਚਲੀ ਆ ਰਹੀ ਮਰਯਾਦਾ, ਇਤਿਹਾਸਕ ਗਵਾਹੀਆਂ ਅਤੇ ਵਰਤਮਾਨ ਵਿਚ ਵਰਤ ਰਹੇ (ਪ੍ਰਤਖ ਨੂੰ ਪ੍ਰਮਾਣ ਕੀ ?) ਅਨੁਸਾਰ ਮਾਸ ਨੂੰ ਅਭਖ ਵਸਤੂ ਦਸਣ ਵਾਲੇ ਅਰਥ ਬਿਲਕੁਲ ਦਰੁਸਤ ਹਨ ! ਉਹ ਇਸ ਤਰ੍ਹਾਂ ਕਿ ਗੁਰੂ ਕੇ ਲੰਗਰ,ਦੇ ਦਰਸ਼ਨ ਕਰੋ। ਉਥੇ ਮਾਸ ਕਦੇ ਨਹੀਂ ਬਣਦਾ। ਲੰਗਰ ਵਿਚ ਮਾਸ ਬਣਾਉਣ ਦੀ ਮਨਾਹੀ ਇਸ ਗੱਲ ਦਾ ਪਰੱਤਖ ਸਬੂਤ ਹੈ ਕਿ ਗੁਰੂ ਸਾਹਿਬ ਨੇ ਮਾਸ ਖਾਣਾ ਮਨੁਖ ਮਾਤਰ ਲਈ ਵਰਜਿਤ ਕੀਤਾ ਹੈ, ਕਿਉਂਕਿ ਗੁਰੂ ਕੇ ਲੰਗਰ ਵਿਚੋਂ ਹਰ ਇਨਸਾਨ ਭੋਜਨ ਛਕ ਸਕਦਾ ਹੈ। ਇਸ ਸੰਬੰਧ ਵਿਚ ਮਾਸਾਹਾਰੀ ਸਜਣ ਇਹ ਦਲੀਲ ਦੇ ਦੇ ਹਨ ਕਿ ਗੁਰੂ ਕੇ ਲੰਗਰ ਵਿਚ ਮਾਸ ਦੀ ਮਨਾਹੀ ਕਰਨ ਦਾ ਗੁਰੂ ਸਾਹਿਬ ਵਲੋਂ ਹੁਕਮ ਇਸ ਲਈ ਦਿਤਾ ਗਿਆ ਕਿਉਂਕਿ ਗੁਰੂ ਕਾ ਲੰਗਰ ਸਭਨਾਂ ਲਈ ਸਾਂਝਾ ਹੈ, ਇਸ ਲਈ ਜਿਹੜੇ ਦੂਜੇ ਮਤਾਂ-ਮਤਾਂਤਰਾ ਦੇ (ਜੈਨ, ਵੈਸ਼ਨੋ ਆਦਿਕ) ਲੋਕ ਹਨ ਉਹ ਵੀ ਗੁਰੂ ਕੇ ਲੰਗਰ ਵਿਚੋਂ ਭੋਜਨ ਛੱਕ ਸਕਣ।

ਗੁਰਬਾਣੀ ਵਿਚ "ਉਪਦੇਸ ਚਹੁ ਵਰਨਾ ਕਉ ਸਾਂਝਾ" ਅਨੁਸਾਰ ਮਨੁਖ ਮਾਤਰ ਲਈ ਸਾਂਝਾ ਉਪਦੇਸ਼ ਹੈ। ਜੇ ਕਰ ਗੁਰੂ ਸਾਹਿਬ ਸਿੱਖ ਲਈ ਇਕ ਵਸਤੂ ਭਖ ਦਸਦੇ ਹਨ ਤਾ ਦੂਜੇ ਧਰਮ ਦੇ ਕਿਸੇ ਵਿਅਕਤੀ ਲਈ ਉਸੇ ਵਸਤੂ ਨੂੰ ਅਭਖ ਨਹੀਂ ਦਸ ਸਕਦੇ। ਗੁਰਬਾਣੀ ਦਾ ਉਪਦੇਸ਼ ਮਨੁਖ ਮਾਤਰ ਦੀ ਸਾਂਝ ਲਈ ਹੈ, ਨਾ ਕਿ ਜੈਨ, ਵੈਸ਼ਨੋ ਆਦਿਕ ਹੋਰ ਅਨੇਕਾਂ ਮਤਾਂ ਦੇ ਵਖਰੇਵਿਆਂ ਲਈ। ਜੇਕਰ ਮਾਸ ਭਖ (ਖਾਣ ਯੋਗ ਵਸਤੂ) ਹੁੰਦੀ ਤਾਂ ਗੁਰੂ ਸਾਹਿਬ ਉਸ ਭਖ ਵਸਤੂ ਦਾ ਲੰਗਰ ਵਿਚ ਨਿਸ਼ੇਧ ਨ ਕਰਦੇ। ਮਾਸਾਹਾਰੀਆਂ ਦੀ ਦਲੀਲ ਇਥੇ ਬੇਕਾਰ ਹੋ ਜਾਂਦੀ ਹੈ, ਜਦਕਿ ਇਹ ਮਾਸ ਦੇ ਪੱਖੀ ਸਜਣ "ਅਭਖੁ ਭਖਹਿ ਭਖੁ ਤਜਿ ਛੋਡਹਿ, ਅੰਧ ਗੁਰੂ ਜਿਨ ਕੇਰਾ" ਵਾਲੀ ਪੰਗਤੀ ਦਾ ਅਰਥ ਉਪਰ ਲਿਖੇ ਅਨੁਸਾਰ ਕਰਦੇ ਹਨ ਤਾਂ ਉਹ "ਅੰਧੁ ਗੁਰੂ ਜਿਨ ਕੇਰਾ" ਵਿਚ ਦਸੇ ਗਏ ਅੰਨੇ ਹੋਣ ਵਾਲੇ ਦੋਸ਼ ਨੂੰ ਆਪ ਅਭਖ ਵਸਤੂ ਨੂੰ ਭਖ ਕੇ ਅਨਭੋਲ ਹੀ ਪੂਰਨ ਗੁਰੂ ਜੋਤ ਤੇ ਹੀ ਲਾ ਬੈਠਦੇ ਹਨ ਅਤੇ ਅਪਰਾਧੀ ਬਣਦੇ ਹਨ। ਗੁਰੂ ਕੇ ਲੰਗਰ ਵਿਚ ਮਾਸ ਤਜ ਛੱਡਣ ਦਾ (ਕਦੇ ਨਾ ਬਨਾਉਣ ਦਾ ਉਪਦੇਸ਼) ਆਪ ਗੁਰੂ ਸਾਹਿਬ ਦੇ ਗਏ। ਭਾਵ ਇਹ ਕਿ ਗੁਰੂ ਸਾਹਿਬ ਅਨੁਸਾਰ ਭਖ (ਖਾਣ ਯੋਗ) ਵਸਤੂ ਮਾਸ ਨਹੀਂ, ਬਲਕਿ ਮਾਸ ਅਭਖ ਵਸਤੂ ਹੈ, ਜਿਸਦੇ ਛੱਡਣ ਦਾ ਹੁਕਮ ਗੁਰੂ ਸਾਹਿਬ ਵਲੋਂ ਗੁਰੂ ਕੇ ਲੰਗਰ ਵਿਚ ਅੱਜ ਤੱਕ ਮੰਨਿਆ ਜਾ ਰਿਹਾ ਹੈ। ਗੁਰੂ ਸਾਹਿਬਾਨ ਆਪ ਵੀ ਭੋਜਨ ਲੰਗਰ ਵਿਚੋਂ ਹੀ ਛਕਦੇ ਸਨ, ਉਹਨਾਂ ਲਈ ਕਿਸੇ ਜਗ੍ਹਾ ਕੋਈ ਵਖਰਾ (ਸਪੈਸ਼ਲ) ਭੋਜਨ ਤਿਆਰ ਨਹੀਂ ਸੀ ਕੀਤਾ ਜਾਂਦਾ, ਜਿਸ ਵਿਚ ਮਾਸ ਬਣਦਾ ਹੋਵੇ। ਸੋ ਕਿਸੇ ਵੀ ਗੁਰੂ ਵਿਅਕਤੀ (ਦਸਾਂ ਗੁਰੂ ਸਾਹਿਬਾਨ) ਨੇ (ਘਟੋ-ਘਟ) ਗੁਰਿਆਈ ਤੋਂ ਲੈ ਕੇ ਸਾਰੀ ਆਯੂ ਪਰੰਜਤ ਕਦੇ ਵੀ ਮਾਸ ਨਹੀਂ ਖਾਧਾ, ਕਿਉਂਕਿ ਉਹ ਭੋਜਨ ਲੰਗਰ ਵਿਚ ਛਕਦੇ ਸਨ। ਜੋ ਸਜਣ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਮਾਸ ਖਾਧਾ, ਉਹ ਗ਼ਲਤ-


www.AKJ.Org

ਖ਼ਿਆਲੀ ਕਰ ਕੇ ਗੁਰੂ-ਨਿੰਦਕ ਬਣਦੇ ਹਨ।

ਇਕ ਪੰਥ ਪ੍ਰਸਿਧ ਲੇਖਕ ਨੇ ਇਕ ਇਤਿਹਾਸਕ ਪੁਸਤਕ ਵਿਚ ਲਿਖਿਆ ਹੈ ਕਿ ਸਿਖਾਂ ਲਈ ਮਾਸ ਖਾਣਾ ਵਰਜਿਤ ਨਹੀਂ ਹੈ, ਪਰ ਨਾਲ ਹੀ ਇਹੋ ਲੇਖਕ ਇਹ ਲਿਖਣੋਂ ਵੀ ਨਹੀਂ ਰਹਿ ਸਕਿਆ ਕਿ "ਮਾਸ ਪਵਿੱਤਰ ਖ਼ੁਰਾਕ ਨਹੀਂ ਹੈ।" ਹੁਣ ਇਹ ਗੱਲ ਜ਼ਰਾ ਕੁ ਧਿਆਨ ਨਾਲ ਸੋਚਣ ਵਾਲੀ ਹੈ ਤਾਂ ਕੀ ਇਹ ਕਦੇ ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਕਦੇ ਆਪ ਅਪਵਿੱਤਰ ਵਸਤੂ ਖਾਧੀ ਹੋਵੇ ਤੇ ਆਪਣੇ ਸਿੱਖਾਂ ਨੂੰ ਅਪਵਿੱਤਰ ਵਸਤੂ ਖਾਣ ਤੋਂ ਨਾ ਵਰਜਿਆ ਹੋਵੇ। ਕਰਣੀ ਤੇ ਕਥਨੀ ਦੇ ਪੂਰੇ-ਸੂਰੇ ਸਤਿਗੁਰੂ ਜੀਉ ਦੀ ਬਾਣੀ ਤਾਂ ਇਹ ਕਹਿੰਦੀ ਹੈ:-

"ਬਾਬਾ ਹੋਰੁ ਖਾਣਾ ਖੁਸੀ ਖੁਆਰੁ।।
ਜਿਤੁ ਖਾਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ।।"
ਅਤੇ "ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ।।
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ।।"

ਜੀਭ ਦੇ ਚਸਕੇ ਵਾਲੇ ਲੋਭੀ ਮਨੁੱਖ ਮਾਸ ਜਿਹੀ ਅਭਖ (ਅਪਵਿੱਤਰ) ਵਸਤੂ ਖਾਂਦੇ ਹਨ। ਕਿਤੇ ਮਨੁੱਖ ਜੀਭ ਦੇ ਚਸਕੇ ਪਿਛੇ ਲੋਭੀ ਅਤੇ ਹਲਕਾਏ ਕੁਤੇ ਵਾਂਗੂ ਨਾ ਹੋ ਜਾਵੇ, ਇਸ ਲਈ ਗੁਰੂ ਮਹਾਰਾਜ ਨੂੰ ਅਪਵਿੱਤਰ ਵਸਤੂ ਛਕਣ ਤੋਂ ਅਵਸ਼ ਹੀ ਮਨ੍ਹਾ ਕਰਨਾ ਪਿਆ।

ਬਹੁਤੀ ਥਾਈਂ ਇਸ ਤਰ੍ਹਾਂ ਦੇਖਿਆ ਗਿਆ ਹੈ ਕਿ ਬਹੁਤ ਸਾਰੇ ਸਿੱਖ ਭਾਵੇਂ ਆਪ ਮਾਸ ਖਾਂਦੇ ਹਨ, ਪਰ ਉਹ ਕਿਸੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਦਾ ਮਾਸਾਹਾਰੀ ਹੋਣਾ ਚੰਗਾ ਨਹੀਂ ਸਮਝਦੇ। ਕਿਸੇ ਮਾਸਾਹਾਰੀ ਗ੍ਰੰਥੀ, ਪਰਚਾਰਕ ਜਾਂ ਕੀਰਤਨੀਏ ਸਜਣ ਦੇ ਵਿਰੁੱਧ ਜਦੋਂ ਕੋਈ ਗੱਲ ਸਿਖ ਜਨਤਾ ਵਿਚ ਬਾਹਰ ਨਿਕਲਦੀ ਹੈ ਤਾਂ ਉਸ ਸਮੇਂ ਹੋਰ ਗੱਲਾਂ ਨਾਲ ਉਸਦੇ ਮਾਸਾਹਾਰੀ ਹੋਣ ਕਰਕੇ ਵੀ ਨਿੰਦਾ ਹੁੰਦੀ ਹੈ।

ਕੀ ਸਾਡਾ ਧਰਮ ਕੇਵਲ ਗੁਰਦੁਆਰੇ ਸਾਹਿਬ ਅੰਦਰ ਹੀ ਸੀਮਤ ਹੈ? ਧਰਮ ਤਾਂ ਜੀਵਨ ਦੇ ਹਰ ਖੇਤਰ ਵਿਚ, ਕੰਮ-ਕਾਰ ਵਰਤੋਂ ਵਿਉਹਾਰ ਵਿਚ ਸਦਾ ਨਾਲ ਨਿਭਣ ਵਾਲੀ ਚੀਜ਼ ਹੈ। ਸਿਖਾਂ ਵਿਚ ਜਾਤ-ਪਾਤ, ਬ੍ਰਾਹਮਣ, ਪਰੋਹਿਤਵਾਦ ਜਾਂ ਪੁਜਾਰੀਵਾਦ ਵਾਲੀ ਕੋਈ ਗੱਲ ਨਹੀਂ। ਹਰ ਸਿਖ ਸੇਵਾਦਾਰ ਹੈ। ਮਨ, ਬਚਨ, ਕਰਮ ਕਰਕੇ ਪਵਿੱਤਰ ਰਹਿਣਾ ਕੇਵਲ ਗ੍ਰੰਥੀ, ਕੀਰਤਨੀਏ ਜਾਂ ਪਰਚਾਰਕ ਲਈ ਹੀ ਲਾਜ਼ਮੀ ਨਹੀਂ ਬਲਕਿ ਹਰ ਇਕ ਸਿਖ ਲਈ ਲਾਜ਼ਮੀ ਹੈ।

ਕੁਝ ਸਿਖ ਇਸ ਤਰ੍ਹਾਂ ਦੇ ਵੀ ਵੇਖੇ ਗਏ ਹਨ ਕਿ ਜਿਸ ਦਿਨ ਮਾਸ ਖਾ ਲੈਂਦੇ ਹਨ ਉਸ ਦਿਨ ਗੁਰਦੁਆਰੇ ਸਾਹਿਬ ਦੇ ਅੰਦਰ ਆਉਣ ਤੋਂ ਵੀ ਸੰਕੋਚ ਕਰਦੇ ਹਨ। ਇਹ ਵੀ ਸਮਝਣ ਵਾਲੀ ਗੱਲ ਹੈ ਕਿ ਜਿਸ ਵਸਤੂ ਨੂੰ ਅਪਵਿੱਤਰ ਆਖਿਆ ਜਾਵੇ ਉਸਨੂੰ ਖਾ ਕੇ ਗੁਰਦੁਆਰੇ ਮੱਥਾ ਟੇਕਣ ਤੇ ਦਰਸ਼ਨ ਕਰਨ ਤੋਂ ਆਤਮਾ ਸੰਕੋਚ ਕਰਦੀ ਹੋਵੇ, ਉਹ ਕੈਸੀ ਘ੍ਰਿਣਤ ਤੇ ਤਜ ਛੋਡਣ ਵਾਲੀ ਚੀਜ਼ ਹੈ।

ਇਕ ਥਾਂ ਹੋ ਰਹੇ ਅਖੰਡਪਾਠ ਸਮੇਂ ਇਕ ਜਾਣੂ ਪਛਾਣੂ ਸਜਣ ਆ ਪੁਜੇ, ਜੋ ਅਖੰਡ ਪਾਠ ਕਰ ਲੈਂਦੇ ਸਨ। ਉਹਨਾਂ ਨੂੰ ਪ੍ਰਬੰਧਕਾਂ ਵਲੋਂ ਬੇਨਤੀ ਕੀਤੀ ਗਈ ਕਿ ਆਪ ਵੀ ਅਖੰਡਪਾਠ ਦੀ ਇਕ ਰੋਲ ਲਾ ਲਵੋ ਤਾਂ ਕਹਿਣ ਲਗੇ, ਮਾਫ਼ ਕਰਨਾ, ਅਜ ਮੀਟ ਖਾਧਾ ਹੈ ਮੈਂ ਤਾਬੇ ਨਹੀਂ ਬਹਿਣਾ। ਜਿਹੜੀ ਚੀਜ਼ ਖਾ ਕੇ ਅੰਦਰੋਂ ਮਨ ਗੁਰੂ ਪਾਤਿਸ਼ਾਹ ਜੀ ਦੀ ਤਾਬਿਆ ਬੈਠਣ ਤੋਂ ਝਿਜਕਦਾ ਹੋਵੇ, ਕੀ ਉਹ ਵਸਤੂ ਖਾ ਲੈਣੀ ਸਿਖ ਲਈ ਸਖ਼ਤ ਮਨ੍ਹਾ ਨਹੀਂ? ਅਜਿਹੀ ਵਸਤੂ ਜ਼ਰੂਰੀ ਹੀ ਵਿਵਰਜਿਤ ਹੈ, ਜਿਹੜੀ ਕਿ ਗੁਰੂ ਜੀ ਦੀ ਗੋਦੀ ਵਿਚ ਬੈਠਣ ਵਿਚ ਰੋਕ ਪਾਉਂਦੀ ਹੈ।

ਜੇਕਰ ਮਾਸ ਖਾ ਕੇ ਬਹਾਦਰ ਬਣ ਸਕੀਦਾ ਹੁੰਦਾ ਤਾਂ ਗੁਰੂ ਸਾਹਿਬ ਜੋ ਸਭਨਾਂ ਦਾ ਭਲਾ ਮਨਾਉਂਦੇ ਹਨ, ਅਵਸ਼ ਚਾਹੁੰਦੇ ਸਨ ਕਿ ਸਭ ਲੋਕ ਬਹਾਦਰ ਬਣਨ, ਤਾਂ ਤੇ ਲੰਗਰ ਵਿਚ ਮਾਸ ਨਿਸ਼ੇਧ ਕਦੇ ਨ ਕਰਦੇ। ਇਸ ਲਈ ਮਾਸ ਖਾ ਕੇ ਬਹਾਦਰ ਬਣ ਸਕਣ ਦੀ ਗੱਲ ਵੀ ਖ਼ਾਮ-ਖ਼ਿਆਲੀ ਹੀ ਹੈ।

ਸੰਪਾਦਕੀ ਨੋਟ :-

ਸਾਡੇ ਕੁਝ ਭੁਲੜ ਤੇ ਚਸਕੇਬਾਜ਼ ਇਤਿਹਾਸਕਾਰਾਂ ਨੇ ਇਹ ਸਿਧ ਕਰਨ ਦਾ ਕੋਝਾ ਤੇ ਹਾਸੋ-ਹਾਣਾ ਜਤਨ ਕੀਤਾ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿਚ ਮਾਸ ਵਰਤਦਾ ਸੀ, ਜੋ ਕਿ ਨਿਰੀ ਮਨੋ-ਕਲਪਿਤ ਗਪੌੜ-ਕਥਾ ਹੈ। ਗੁਰੂ ਕੇ ਲੰਗਰਾਂ ਵਿਚ ਜੇ ਕਿਤੇ ਮਾਸ ਬਣਦਾ ਹੁੰਦਾ ਤਾਂ ਕਿਸੇ ਥਾਂ ਗੁਰਬਾਣੀ ਉਸ ਦੀ ਜ਼ਰੂਰ ਪੁਸ਼ਟੀ ਕਰਦੀ। ਗੁਰੂ ਅੰਗਦ ਦੇਵ ਜਾ ਅਤੇ ਗੁਰੂ ਅਮਰਦਾਸ ਜੀ ਦੇ ਲੰਗਰਾਂ ਵਿਚ ਵਰਤਾਏ ਜਾਣ ਵਾਲੇ ਵਿਸ਼ੇਸ਼ ਪਦਾਰਥਾਂ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸਤੇ ਬਲਵੰਡ ਨੇ ਰਾਮਕਲੀ ਕੀ ਵਾਰ ਵਿਚ ਇਉਂ ਕੀਤਾ ਹੈ -

ਬਲਵੰਡ ਖੀਵੀ ਨੇਕ ਜਨ,
ਜਿਸੁ ਬਹੁਤੀ ਛਾਉ ਪਤ੍ਰਾਲੀ।।


www.AKJ.Org

ਲੰਗਰਿ ਦਉਲਤਿ ਵੰਡੀਐ,
ਰਸੁ ਅੰਮ੍ਰਿਤੁ ਖੀਰਿ ਘਿਆਲੀ॥

ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ, ਦਾ ਜ਼ਿਕਰ ਕਰਦੇ ਹੋਏ ਢਾਡੀ ਕਹਿੰਦੇ ਹਨ ਕਿ ਮਾਤਾ ਖੀਵੀ ਜੀ ਆਪਣੇ ਪਤੀ ਵਾਂਗ ਬੜੇ ਭਲੇ-ਲੋਕ ਹਨ, ਜਿਨ੍ਹਾਂ ਦੀ ਛਾਂ, ਬਹੁਤੇ ਪਤਰਾਂ ਵਾਲੇ ਰੁਖਾਂ ਦੀ ਸੰਘਣੀ ਛਾਂ ਵਾਂਗ, ਠੰਢਕ ਸ਼ਾਂਤੀ ਪਹੁੰਚਾਉਣ ਵਾਲੀ ਹੈ ਅਤੇ ਆਪ ਦੇ ਲੰਗਰ ਵਿਚ ਜਿਥੇ ਨਾਮ ਦੀ ਦੌਲਤ ਵੰਡੀ ਜਾਂਦੀ ਹੈ ਉਥੇ ਅੰਮ੍ਰਿਤ-ਰਸ-ਭਰੀ ਘਿਉ ਵਾਲੀ ਖੀਰ ਭੀ ਵੰਡੀ ਜਾਂਦੀ ਹੈ।

ਫੇਰ ਇਸੇ ਵਾਰ ਵਿਚ ਦੂਜੀ ਥਾਂ ਜ਼ਿਕਰ ਆਉਂਦਾ ਹੈ-

ਨਿਤ ਰਸੋਈ ਤੇਰੀਐ, ਘਿਉ ਮੈਦਾ ਖਾਣੁ॥

ਹੇ ਗੁਰੂ ਅਮਰਦਾਸ ਜੀ, ਤੇਰੇ ਲੰਗਰ ਵਿਚ ਨਿਤਾਪ੍ਰਤੀ ਘਿਉ, ਮੈਦਾ ਤੇ ਖੰਡ, ਭਾਵ ਤ੍ਰਿਹਾਵਲ ਕੜਾਹ ਪ੍ਰਸ਼ਾਦ ਵਰਤਦਾ ਹੈ।

ਮਾਸਾਹਾਰੀ ਵੀਰ ਮਾਸ ਨੂੰ ਮਹਾਪ੍ਰਸ਼ਾਦ ਦੇ ਨਾਂ ਨਾਲ ਸੰਬੋਧਨ ਕਰ ਕੇ ਮਾਸ ਖਾਣ ਦਾ ਪੱਖ ਸਿਧ ਕਰਦੇ ਹਨ, ਪਰ ਗੁਰਬਾਣੀ ਦੀਂ ਉਪਰਲੀ ਪੰਗਤੀ ਕੜਾਹ ਪ੍ਰਸ਼ਾਦ ਵਿਚ ਪੈਣ ਵਾਲੇ ਪਦਾਰਥਾਂ ਦਾ ਜ਼ਿਕਰ ਘਿਉ, ਮੈਦਾ ਤੇ ਖੰਡ ਨਾਲ ਹੀ ਕਰਦੀ ਹੈ। ਭਾਈ ਗੁਰਦਾਸ ਜੀ ਕੜਾਹ ਪ੍ਰਸ਼ਾਦ ਨੂੰ ਪੰਚਾਮ੍ਰਿਤ ਭੀ ਲਿਖਦੇ ਹਨ, ਯਥਾ-

ਖਾਡ, ਘ੍ਰਿਤ, ਚੂਨ, ਜਲ, ਪਾਵਕ ਇਕ੍ਰਤ ਭਏ,
ਪੰਚ ਮਿਲਿ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ।

(ਭਾਈ ਗੁਰਦਾਸ ਜੀ, ਕਬਿਤ ੧੨੪)

ਕੜਾਹ ਪ੍ਰਸ਼ਾਦ ਦਾ ਵਿਸ਼ੇਸ਼ਣ ਮਹਾਂ ਪ੍ਰਸ਼ਾਦ ਭੀ ਭਾਈ ਗੁਰਦਾਸ ਜੀ ਲਿਖਤ ਵਿਚ ਇਉਂ ਮਿਲਦਾ ਹੈ-

ਆਣਿ'ਮਹਾ ਪਰਸਾਦ' ਵੰਡਿ ਖਵਾਇਆ।

(ਵਾਰ ੨੦ ,ਪਉੜੀ ੧੦)

ਭਾਈ ਗੁਰਦਾਸ ਜੀ ਰਚਿਤ ਇਸ ਤੁਕ ਵਿਚ ਆਏ 'ਮਹਾ ਪਰਸ਼ਾਦ' ਦਾ ਅਰਥ ਸਭ ਟੀਕਾ-ਕਾਰਾਂ ਨੇ ਕੜਾਹ ਪ੍ਰਸ਼ਾਦ ਹੀ ਕੀਤਾ ਹੈ, ਕਿਸੇ ਨੇ ਮਾਸ ਨਹੀਂ ਕੀਤਾ। ਸੰਗਤ ਵਿਚ ਕੜਾਹ ਪ੍ਰਸ਼ਾਦ ਹੀ ਵੰਡਿਆ ਜਾਂਦਾ ਹੈ। ਤ੍ਰਿਹਾਵਲ, ਕੜਾਹ ਪ੍ਰਸ਼ਾਦ, ਪੰਚਾਮ੍ਰਿਤ ਦੀ ਸੁਗੰਧੀ ਨਾਮ-ਰਸ ਦੀ ਖ਼ੁਸ਼ਬੋਈ ਦੀ ਸੂਚਕ ਹੈ-

ਅੰਦਰ ਮੁਸਕਿ ਝਕੋਲਿਆ, ਕੀਮਤਿ ਕਹੀ ਨ ਜਾਇ॥

ਤਾਹੀਓਂ ਤਾਂ ਇਸ ਉਤਮ ਭੁਗਤ ਦਾ ਨਾਮ 'ਮਹਾਂ ਪ੍ਰਸ਼ਾਦ' ਭਾਈ ਗੁਰਦਾਸ ਜੀ ਨੇ ਲਿਖਿਆ ਹੈ। ਪ੍ਰਸ਼ਾਦ ਦੇ ਅਰਥ ਹਨ'ਬਖ਼ਸ਼ਿਸ਼'। ਕਿਥੇ ਤਾਂ ਦਿਮਾਗ ਨੂੰ ਮੁਅੱਤਰ ਕਰਨ ਵਾਲੀ ਤ੍ਰਿਹਾਵਲ ਦੀ ਸੁਗੰਧੀ ਅਤੇ ਕਿਥੇ ਮਾਸ ਦੀ ਘ੍ਰਿਣਤ ਦੁਰਗੰਧੀ ! ਜੀਅ-ਘਾਤ ਕਰ ਕੇ ਪ੍ਰਾਪਤ ਕੀਤੀ ਮਹਾਂ ਨਿੰਦਤ ਬਦਬੂਦਾਰ ਵਸਤੂ ਨੂੰ 'ਮਹਾਂ ਪ੍ਰਸ਼ਾਦ' ਕਹਿਣਾ ਅਨਰਥ ਤੇ ਪਾਪ ਹੈ। ਕੜਾਹ ਪ੍ਰਸ਼ਾਦ ਛਕ ਕੇ ਬੱਚਾ ਬੁੱਢਾ ਹਰੇਕ ਜੀਅ ਤ੍ਰਿਪਤ ਹੁੰਦਾ ਹੈ ਅਤੇ ਇਹ ਪਦਾਰਥ ਸਭ ਲਈ ਸੁਖਦਾਈ ਹੈ, ਪਰ ਮਾਸ ਤਨ ਨੂੰ ਵੀ ਰੋਗੀ ਕਰਦਾ ਹੈ, ਅਤੇ ਮਨ ਨੂੰ ਵੀ ਵਿਕਾਰੀ ਬਣਾਉਂਦਾ ਹੈ। ਗੁਰਬਾਣੀ ਐਸੀਆਂ ਵਸਤੂਆਂ ਪ੍ਰਥਾਇ ਇਉਂ ਹੁਕਮ ਦਿੰਦੀ ਹੈ-

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ,
ਮਨ ਮਹਿ ਚਲਹਿ ਵਿਕਾਰ॥

-ਸੰਪਾਦਕ

ਨਵੇਂ ਸਜੇ ਅਮਰੀਕਨ ਸਿੰਘ ਜਦੋਂ ਭਾਰਤ ਆਏ ਤਾਂ ਇਥੇ ਮਾਸਾਹਾਰੀ ਭਰਾਵਾਂ ਨੇ ਉਹਨਾਂ ਤੇ ਪ੍ਰਸ਼ਨ ਕੀਤੇ ਕਿ ਤੁਸੀਂ ਮਾਸ ਕਿਉਂ ਨਹੀਂ ਖਾਂਦੇ ਤਾਂ ਉਹਨਾਂ ਨਵੇਂ ਸਜੇ ਸਿੰਘਾਂ ਦਾ ਸਪਸ਼ਟ ਤੇ ਸਾਦਾ ਉਤਰ ਸੀ ਕੀ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ ਵਿਚ ਮਾਸ ਬਣਦਾ ਹੈ ? ਜੇਹੜੀ ਚੀਜ਼ ਗੁਰੂ ਕੇ ਲੰਗਰ ਵਿਚ ਬਣਾ ਸਕਣ ਦੀ ਸਖ਼ਤ ਮਨਾਹੀ ਹੋਵੇ ਉਹ ਚੀਜ਼ ਸਿਖ ਨੂੰ ਕਦੇ ਨਹੀਂ ਖਾਣੀ ਚਾਹੀਏ।

## ਸੋਨੇ ਦਾ ਨਹੀਂ ਹਰੀ ਦਾ ਮੰਦਰ

ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਗੁਰੂ ਸਾਹਿਬ ਨੇ ਨਾਂ ਰੱਖਿਆ ਹਰੀਮੰਦਰ ਪਰ ਅਸੀਂ ਇਹਨੂੰ ਕਹਿਣਾ ਸ਼ੁਰੂ ਕਰ ਦਿੱਤਾ ਗੋਲਡਨ ਟੈਂਪਲ ਅਰਥਾਤ ਸੋਨੇ ਦਾ ਮੰਦਰ ਜਾਂ ਸਵਰਨ ਮੰਦਰ।

ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਤਾ ਪਾਸ ਕਰ ਕੇ ਹਰਿਮੰਦਰ ਸਾਹਿਬ ਨੂੰ ਗੋਲਡਨ ਟੈਂਪਲ ਕਹਿਣ ਉਤੇ ਰੋਕ ਲਗਾਈ ਹੈ। ਸੋ ਹੁਣ ਸਭ ਸੰਗਤਾਂ ਨੂੰ ਚਾਹੀਦਾ ਹੈ ਕਿ ਪਹਿਲਾਂ ਹੋਈ ਇਸ ਭੁੱਲ ਦੀ ਸੁਧਾਈ ਕਰਨ ਤੇ ਸਾਰੇ ਦੁਕਾਨਦਾਰ ਵੀਰਾਂ ਨੂੰ ਹਰਿਮੰਦਰ ਸਾਹਿਬ ਦੀਆਂ ਫੋਟੋਆਂ ਉਪਰੋਂ ਗੋਲਡਨ ਟੈਂਪਲ ਲਿਖਿਆ ਮਿਟਾ ਦੇਣਾ ਚਾਹੀਦਾ ਹੈ। ਸਰਬੱਤ ਸੰਗਤਾਂ ਵੀ ਆਪਣੇ ਘਰਾਂ ਵਿਚ ਲੱਗੀਆਂ ਫੋਟੋਆਂ ਉਤੇ ਗੋਲਡਨ ਟੈਂਪਲ ਲਿਖੇ ਉੱਤੇ ਹਰਿਮੰਦਰ ਸਾਹਿਬ ਦੀਆਂ ਚੇਪੀਆਂ ਲਗਾ ਦੇਣ।

(ਅਨੁਭਵ ਫੀਚਰ ਸਰਵਿਸ ਵਲੋਂ)



www.AKJ.Org

# ਭੰਗਾਣੀ ਦਾ ਜੁੱਧ-ਉਦਾਸੀ ਮਹੰਤ ਕਿਰਪਾਲ ਦੀ ਜ਼ਬਾਨੀ

(ਪ੍ਰਿੰ: ਸੁਜਾਨ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਜੂਨ ੯੭)

"ਗੁਰੂ ਜੀ ਦੇ ਸੂਹੀਏ, ਸ਼ਤਰੂ ਦੀਆਂ ਸਭ ਖ਼ਬਰਾਂ ਪਹੁੰਚਾਉਂਦੇ ਰਹੇ। ਭੰਗਾਣੀ ਦੇ ਮੈਦਾਨ ਨੀਯਤ ਥਾਂ ਤੇ ਰਣ-ਥੰਮਾ ਗੱਡਿਆ ਗਿਆ, ਮੋਰਚੇ ਪੁਟੇ ਗਏ, ਅਸਲੇ-ਖਾਨੇ ਕਾਇਮ ਕੀਤੇ ਗਏ ਅਤੇ ਸਿੱਖ ਸੈਨਾ ਆਪਣੀ ਥਾਂ ਮੱਲਣ ਲੱਗੀ। ਪਠਾਣਾਂ ਦੇ ਜਾਣ ਤੋਂ ਤੀਜੇ ਦਿਨ ਮਗਰੋਂ ਖ਼ਬਰ ਮਿਲੀ ਕਿ ਦੁਸ਼ਮਨ ਦੀਆਂ ਫ਼ੌਜਾਂ ਦੂਸਰੇ ਕੰਢੇ ਪਹੁੰਚਣ ਹੀ ਵਾਲੀਆਂ ਹਨ। ਰਾਤੀਂ ਉਹ ਦਰਿਆ ਪਾਰ ਕਰਨਗੇ ਤੇ ਸਵੇਰੇ ਜੰਗ ਸ਼ੁਰੂ ਹੋ ਜਾਵੇਗਾ। ਸਤਿਗੁਰਾਂ ਜੋਧਿਆਂ ਨੂੰ ਆਗਿਆ ਕੀਤੀ ਕਿ ਅਮਕੇ ਅਮਕੇ ਹੋਰ ਜੱਥੇ ਭੰਗਾਣੀ ਪਹੁੰਚ ਜਾਣ, ਕੁਝ ਰਾਖਵੇਂ ਸਹਾਇਕ ਦਸਤੇ ਸਵੇਰੇ ਕੂਚ ਕਰਨ। ਪੰਜ ਸੌ ਉਦਾਸੀਆਂ ਨੂੰ ਵੀ ਹੁਕਮ ਹੋਇਆ ਕਿ ਉਹ ਟੋਪੀਆਂ-ਸੇਲ੍ਹੀਆਂ ਲਾਹ ਕੇ ਅਸਤਰ ਸ਼ਸਤਰ ਸੰਭਾਲਣ ਅਤੇ ਜਿੱਤ ਜਾਂ ਵੀਰਗਤੀ ਪ੍ਰਾਪਤ ਕਰਨ ਲਈ ਤਿਆਰ ਹੋ ਜਾਣ।

"ਇਹ ਹੁਕਮ ਸੁਣ ਕੇ ਉਦਾਸੀ ਬਹੁਤ ਘਬਰਾਏ। ਉਹ ਕਹਿਣ ਲੱਗੇ,ਅਸਾਂ ਘਰ ਬਾਰ ਤਿਆਗ ਕੇ ਫ਼ਕੀਰੀ ਧਾਰਨ ਕੀਤੀ ਹੈ। ਸਾਡਾ ਜੰਗ ਨਾਲ ਕੀ ਕੰਮ ? ਗੁਰੂ ਨੇ ਤਾਂ ਹੁਣ ਲੜ ਕੇ ਹੀ ਰਹਿਣਾ ਹੈ। ਇਦਾਂ ਅਸੀਂ ਬਚਦੇ ਨਹੀਂ। ਚਲੋਂ, ਅੱਧੀ ਰਾਤ ਮਗਰੋਂ ਨਿਕਲ ਚੱਲੀਏ।'ਅਤੇ ਇਸ ਤਰ੍ਹਾਂ ਇਸ ਕੀਟ ਨੂੰ ਉਥੇ ਹੀ ਛੱਡ ਕੇ ਗੁਰੂ ਜੀ ਤੇ ਮੈਥੋਂ ਚੋਰੀ ਉਹ ਉਸ ਰਾਤ ਦੌੜ ਨਿਕਲੇ।

"ਜਦੋ ਸਤਿਗੁਰੂ ਜੀ ਪਾਸ ਇਹ ਖ਼ਬਰ ਪਹੁੰਚੀ ਤਾਂ ਉਨ੍ਹਾਂ ਹੱਸ ਕੇ ਪੁੱਛਿਆ,'ਕਿਉਂ ਭਾਈ ਸਾਹਿਬ, ਕੋਈ ਰਿਹਾ ਵੀ ਕਿ ਸਾਰੇ ਹੀ ਦੌੜ ਗਏ? ਤਾਂ ਸਿੱਖ ਨੇ ਇਸ ਕੀਟ ਬਾਰੇ ਕਿਹਾ,' ਮਹਾਰਾਜ, ਉਦਾਸੀਆਂ ਦਾ ਮਹੰਤ ਸਮਾਧੀ ਵਿਚ ਬੈਠਾ ਹੈ ਹੋਰ ਸਾਰੇ ਹੀ ਭੱਜ ਗਏ ਹਨ।'

ਸ੍ਰੀ ਗੁਰਦੇਵ ਜੀ, ਦਇਆ ਭਰੀ ਮੁਸਕਾਨ ਨਾਲ ਬੋਲੇ,'ਭਾਈ ਜੀ, ਭਲਾ ਹੋਇਆ ! ਜੇ ਜੜ੍ਹ ਰਹਿ ਗਈ ਹੈ ਤਾਂ ਸ਼ਾਖਾ, ਪੱਤੇ, ਫੁੱਲ ਤੇ ਫਲ ਫੇਰ ਹੋ ਜਾਣਗੇ।'

"ਇਕ ਸਿੱਖ ਨੇ, ਗੁਰੂ ਮਹਾਰਾਜ ਦੇ ਹੁਕਮ ਨਾਲ,ਇਸ ਦਾਸ ਨੂੰ ਸਮਾਧੀ ਵਿਚੋਂ ਜਗਾ ਕੇ, ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਪੇਸ਼ ਹੋਣ ਦੀ ਆਗਿਆ ਸੁਣਾਈ। ਜਦ ਦਾਸ ਗੁਰੂ ਦੇ ਚਰਨਾਂ ਵਿਚ ਹਾਜ਼ਰ ਹੋਇਆ ਤਾਂ ਮੇਰੇ ਨਮਸਕਾਰ ਕਰ ਕੇ ਬੈਠਦਿਆਂ ਹੀ ਸਤਿਗੁਰਾਂ ਨੇ ਵਿਅੰਗ-ਮਈ ਮੁਸਕਰਾਹਟ ਨਾਲ ਪੁੱਛਿਆ 'ਮਹੰਤ ਜੀ, ਆਪ ਦੇ ਚੇਲੇ-ਬਾਲਕੇ ਕਿਥੇ ਗਏ ? ਚਲੋਂ, ਜੇ ਤਾਰੇ ਨਹੀਂ ਤਾਂ ਚੰਦ ਤਾਂ ਹੈ ?' ਦਾਸ ਨੇ ਜਦ ਗਰੀਬ-ਨਿਵਾਜ ਗੁਰ-ਗੋਬਿੰਦ ਜੀ ਦੇ ਆਦਰ-ਪੂਰਤ ਉਤਸਾਹਕ ਬਚਨ ਸੁਣੇ ਤਾਂ ਅਹੰਕਾਰ ਦਾ ਮਾਨੋ ਨਾਸ ਹੋ ਗਿਆ ਤੇ ਕੀਟ ਨੇ ਸਿਰ ਨਿਵਾ ਕੇ ਕਿਹਾ ,' ਗੁਰੂ ਚੇਲੇ ਸਭ ਤੁਹਾਡੀ ਸ਼ਰਨ ਹਨ। ਤੇ ਭਲੇ ਬੁਰੇ ਸਾਰਿਆਂ ਦੀ ਸੰਭਾਲ ਕਰਨ ਵਾਲੇ ਗੁਰਦੇਵ! ਦਾਸਾਂ ਤੋਂ ਜੋ ਭੁਲ-ਚੁੱਕ ਹੋਵੇ ਆਪ ਬਖਸ਼ਣਹਾਰ ਹੋ।'

"ਤਦ ਕਿਰਪਾਲੂ ਸਤਿਗੁਰੂ ਫਿਰ ਮੁਸਕਰਾਏ ਅਤੇ ਇਸ ਆਪਣੇ ਚਰਨ ਦੀ ਰਜ ਤੋਂ ਪੁੱਛਿਆ, 'ਬਾਈ ਧਾਰ ਦੇ ਰਾਜੇ ਸਾਡੇ ਤੇ ਚੜ੍ਹ ਆਏ ਹਨ। ਦੱਸੋ, ਵਿਜੈ ਕਿਸ ਦੀ ਹੋਵੇਗੀ ?' ਤਾਂ ਦਾਸ ਨੇ ਉੱਤਰ ਦਿੱਤਾ, ਆਪ ਜਾਣੀ ਜਾਣ ਹੋ। ਵਿਜੈ-ਲਛਮੀ ਆਪ ਦੀ ਚਰਨ ਸ਼ਰਨ ਹੈ।'

"ਉਸੇ ਵੇਲੇ ਦੋ ਸਿੱਖ ਹਜ਼ੂਰੀ ਵਿਚ ਹਾਜ਼ਰ ਹੋਏ ਅਤੇ ਬੇਨਤੀ ਕੀਤੀ ਕਿ ਜਿਹੜੇ ਸੂਹੀਏ ਤੁਸੀਂ ਸ਼ਤਰੂ-ਦਲ ਵਿਚ ਛਡੇ ਹੋਏ ਸਨ ਉਨ੍ਹਾਂ ਖ਼ਬਰ ਭੇਜੀ ਹੈ ਕਿ ਫ਼ਤਿਹ ਸ਼ਾਹ ਦੀ ਸੈਨਾ ਰਾਜਘਾਟ ਤੋਂ ਪਰੇ ਭੰਗਾਣੀ ਤੋਂ ਪਾਰਲੇ ਕਿਨਾਰੇ ਤੇ ਪਹੁੰਚ ਗਈ ਹੈ ਤੇ ਦਰਿਆ ਪਾਰ ਹੋਣ ਵਾਲੀ ਹੈ।' ਤਦ ਮਹਾਰਾਜ ਨੇ ਆਗਿਆ ਕੀਤੀ ਕਿ 'ਰਣਜੀਤ ਨਗਾਰੇ ਤੇ ਜੰਗ ਦੀਆਂ ਚੋਬਾਂ ਵਜਾਈਆਂ ਜਾਣ ਅਤੇ ਇਥੋਂ ਦਾ ਸਾਰਾ ਦਲ ਵੀ ਤਿਆਰ ਹੋ ਜਾਵੇ। ਇਹ ਕਹਿ ਕੇ ਉਨ੍ਹਾਂ ਨੇ ਉਸੇ ਵੇਲੇ ਆਪਣੇ ਸ਼ਸਤਰ ਮੰਗਾਏ ਅਤੇ ਸ੍ਰੀ ਅਸਿਕੇਤ ਮਹਾਕਾਲ ਵਾਹਿਗੁਰੂ ਅੱਗੇ ਅਰਦਾਸ ਕਰ ਕੇ ਆਦਿ ਗੁਰੂ ਸ੍ਰੀ ਨਾਨਕ ਦੇਵ ਜੀ ਦਾ ਸਿਮਰਨ ਕੀਤਾ। ਫੇਰ ਸਤਿਗੁਰੂ ਘੋੜੇ ਤੇ ਸਵਾਰ ਹੋਏ। ਕੁਝ ਜੋਧੇ ਤੇ ਜੱਥੇ ਕਿਲ੍ਹੇ ਤੇ ਨਗਰ ਦੀ ਰਛਿਆ ਲਈ ਕਾਇਮ ਕੀਤੇ ਗਏ। ਕਈ ਜੱਥੇਦਾਰ ਤੇ ਫ਼ੌਜਾਂ ਭੰਗਾਣੀ ਮੋਰਚੇ ਮੱਲੀ ਬੈਠੀਆਂ ਸਨ। ਸੰਗੋ ਸ਼ਾਹ, ਜੀਤ ਮੱਲ, ਗੁਲਾਬ ਚੰਦ, ਗੰਗਾ ਰਾਮ ਤੇ ਮਾਹਰੀ ਚੰਦ, ਸਤਿਗੁਰੂ ਜੀ ਦੇ ਭੂਆ ਜੀ ਵਲੋਂ ਭਰਾ ਉਸ ਸਮੇਂ ਹਾਜ਼ਰ ਹੋਏ। ਸਤਿਗੁਰਾਂ ਨੇ ਉਨ੍ਹਾਂ ਨੂੰ ਝਟ ਪਟ ਭੰਗਾਣੀ ਪਹੁੰਚ ਕੇ ਆਪੋ ਆਪਣੇ ਦਲ ਦੀ ਅਗਵਾਈ ਕਰਨ ਦੀ ਆਗਿਆ ਕੀਤੀ। ਆਗਿਆ ਸੁਣ ਕੇ ਉਨ੍ਹਾਂ ਘੋੜੇ ਛੇੜ ਲਏ ਤੇ ਵਾਯੂ-ਗਤੀ ਨਾਲ ਭੰਗਾਣੀ ਵਲ ਉੱਡ ਗਏ। ਸਤਿਗੁਰਾਂ ਨੇ ਆਪ ਕੁਝ ਹੋਰ ਸਹਾਇਕ ਸੈਨਾ



www.AKJ.Org

ਲਈ ਤੇ ਵਾਹਿਗੁਰੂ ਸਿਮਰ ਕੇ, ਨਗਾਰਿਆ ਤੇ ਦੂਹਰੀ ਜੰਗੀ ਚੋਬ ਵਜਾਉਣ ਦਾ ਹੁਕਮ ਦੇ ਕੇ ਭੰਗਾਣੀ ਵੱਲ ਚਾਲੇ ਪਾਏ।

"ਇਸ ਸੈਨਾ ਸਮੇਤ ਸਤਿਗੁਰੂ ਆਪਣੀ ਪਹਿਲੋਂ ਤੋਂ ਨੀਯਤ ਉੱਚੀ ਥਾਂ ਤੇ ਆਪਣੀ ਅਤੇ ਸ਼ਤਰੂ ਦੀ ਫ਼ੌਜ ਦੀ ਸਥਿਤੀ ਤੇ ਵੰਡ ਦੇਖਣ ਲਈ ਜਾ ਖਲੋਤੇ। ਸੰਗੋਸ਼ਾਹ ਜੀ ਤੇ ਪ੍ਰੋਹਤ ਦਯਾ ਰਾਮ ਅੱਗੇ ਹੀ ਸਾਰੇ ਪਰਬੰਧ ਨੂੰ ਦੇਖ -ਵਿਚਾਰ ਰਹੇ ਸਨ। ਉਨ੍ਹਾਂ ਨੇ ਨਾਲ ਹੋ ਕੇ ਗੁਰੂ ਜੀ ਨੂੰ ਸਭ ਕੁਝ ਦਿਖਾਇਆ ਤੇ ਦੱਸਿਆ।

"ਹਰੀ ਚੰਦ ਹੰਡੂਰੀਆ ਧਨੁਸ ਦਾ ਧਨੀ ਵਿਚਕਾਰਲੀ ਬਲੀ ਫ਼ੌਜ ਦਾ ਆਗੂ ਸੀ। ਖੱਬੇ ਬੰਨੇ ਲੂਣ-ਹਰਾਮੀ ਗੁਨਹਗਾਰ ਪਠਾਣ ਸਰਦਾਰ ਆਪਣੇ ਆਪਣੇ ਸਵਾਰ ਲਈ ਖੜੇ ਸਨ। ਫ਼ਤਿਹ ਸ਼ਾਹ ਪਿਛਲੀ ਫ਼ੌਜ ਦੇ ਪਿੱਛੇ ਖੜਾ ਸੀ ਅਤੇ ਸੱਜੇ ਪਾਸੇ ਹੋਰ ਪਹਾੜੀ ਰਾਜਿਆ ਦੇ ਦਸਤੇ ਤੇ ਸ-ਸ਼ਸਤਰ ਮੁਲਖਈਆ ਸੀ।

"ਦਯਾ ਰਾਮ ਤੇ ਸੰਗੋ ਸ਼ਾਹ ਜੀ ਦੀ ਦਸੀ ਸਾਰੀ ਜੰਗੀ ਤਰਤੀਬ ਨੂੰ ਗੁਰੂ ਜੀ ਨੇ ਘੋਖਿਆ, ਅਤੇ ਆਹਮੋ ਸਾਹਮਣੇ ਖੜੀਆਂ ਅਣੀਆਂ ਨੂੰ ਪੜਤਾਲਿਆ। ਰਾਜਿਆਂ ਵਾਲੇ ਪਾਸੇ ਦੀ ਸਥਿਤੀ ਉਨ੍ਹਾਂ ਨੂੰ ਕਮਜ਼ੋਰ ਲੱਗੀ। ਉਹ ਉਸ ਪਾਸੇ ਹੋਰ ਸੈਨਾ ਭੇਜਣ ਹੀ ਵਾਲੇ ਸਨ ਕਿ ਇੱਕ ਬੰਨਿਓਂ ਵੱਡਾ ਟੋਲਾ ਆਇਆ। ਉਸ ਟੋਲੇ ਨੇ ਵਧ ਕੇ ਪਹਾੜੀ ਰਾਜਿਆਂ ਦੀ ਫ਼ੌਜ ਤੇ ਬੰਦੂਕਾਂ ਦੀ ਵਾੜ ਝਾੜਨੀ ਸ਼ੁਰੂ ਕਰ ਦਿੱਤੀ। ਨੰਦ ਚੰਦ ਨੇ ਇਹ ਦੇਖ ਕੇ ਮਹਾਰਾਜ ਨੂੰ ਕਿਹਾ, 'ਸਮਝ ਨਹੀ ਆਉਂਦੀ ਇਹ ਕਿਹੜੀ ਫ਼ੌਜ ਹੈ ਜਿਸ ਨੇ ਸਾਡੇ ਸ਼ਤਰੂਆਂ ਤੇ ਹਮਲਾ ਬੋਲ ਦਿੱਤਾ ਹੈ। ਇਹ ਸਾਡੀ ਵੰਡ ਵਿੱਚ ਆਈ ਸੈਨਾ ਤੇ ਨਹੀਂ।'

"ਇੰਨੇ ਨੂੰ ਇੱਕ ਸਿੱਖ ਸਵਾਰ ਘੋੜਾ ਦੁੜਾਉਂਦਾ ਆਇਆ ਤੇ ਬੰਦਨਾ ਕਰ ਕੇ ਅਰਜ਼ ਕੀਤੀ ਕਿ ਇਹ ਪੀਰ ਬੁੱਧੂ ਸ਼ਾਹ ਦਾ ਜੱਥਾ ਹੈ ਜਿਸ ਵਿੱਚ ਉਨ੍ਹਾਂ ਦੇ ਚਾਰ ਪੁੱਤਰ, ਇੱਕ ਭਰਾ ਤੇ ਸਤ ਸੌ ਮੁਰੀਦ ਸ਼ਾਮਲ ਹਨ।

"ਨੰਦ ਚੰਦ ਜੀ ਫ਼ਿਕਰ ਕਰ ਰਹੇ ਸਨ। ਨੀਤੀ ਇਹ ਸੀ ਕਿ ਸ਼ਤਰੂ ਨੂੰ ਪਹਿਲੋਂ ਹਮਲਾ ਕਰਨ ਦਿੱਤਾ ਜਾਵੇ। ਇਸ ਜੱਥੇ ਨੇ ਅੱਜ ਦੇ ਸੈਨਾਪਤੀ ਸੰਗੋਸ਼ਾਹ ਜੀ ਦੀ ਆਗਿਆ ਤੋਂ ਬਿਨਾਂ ਹੀ ਜੰਗ ਉਸ ਪਾਸਿਓਂ ਸ਼ੁਰੂ ਕਰ ਦਿਤਾ ਸੀ, ਜਿਸ ਪਾਸਿਓਂ ਸ਼ੁਰੂ ਕਰਨ ਦਾ ਖ਼ਿਆਲ ਨਹੀਂ ਸੀ। ਪਰ ਸਤਿਗੁਰੂ ਜੀ ਮੁਸਕਰਾਏ ਤੇ ਨੰਦ ਚੰਦ ਜੀ ਦਾ ਸੰਸਾ ਨਵਿਰਤ ਕਰਨ ਲਈ ਬਚਨ ਕੀਤਾ, 'ਭਲੀ ਹੋਈ ! ਰੱਬ ਦੇ ਪਿਆਰੇ ਨੇ ਰੱਬ ਦੀ ਰਜ਼ਾ ਵਿੱਚ ਜੰਗ ਸ਼ੁਰੂ ਕੀਤਾ ਹੈ।'

"ਦੁਸ਼ਮਣ ਦੀ ਵਿਚਕਾਰਲੀ ਅਣੀ ਨੇ ਵਧਣਾ ਸ਼ੁਰੂ ਕੀਤਾ। ਸੰਗੋਸ਼ਾਹ ਨੇ ਆਪਣੇ ਮੋਰਚੇ ਨੂੰ ਇਸ਼ਾਰਾ ਕੀਤਾ। ਬੰਦੂਕਚੀਆਂ ਨੇ ਵਿਉਂਤ ਅਨੁਸਾਰ ਵਾਰੋ ਵਾਰੀ ਵਾੜਾਂ ਝਾੜਨੀਆਂ ਸ਼ੁਰੂ ਕੀਤੀਆਂ। ਦੁਸ਼ਮਣ ਡਿਗਣ ਲੱਗੇ ਤੇ ਵੈਰੀ ਦਲ ਵਿੱਚ ਕਰਾਹਾ ਮਚ ਗਿਆ। ਹਰੀ ਚੰਦ ਦੇ ਬੰਦੂਕਚੀਆਂ ਵੀ ਸੁਰਤ ਸੰਭਾਲੀ ਤੇ ਦੂਹ ਬਦੂਹ ਬੰਦੂਕਾਂ ਦੀ ਲੜਾਈ ਸ਼ੁਰੂ ਹੋਈ। ਫ਼ਤਿਹ ਸ਼ਾਹ ਇਸ ਲੜਾਈ ਨੂੰ ਪਿਛੋਂ ਹੀ ਦੇਖਦਾ ਰਿਹਾ। ਹਰੀ ਚੰਦ ਨੇ ਬੰਦੂਕਾਂ ਦੇ ਮੁਕਾਬਲੇ ਵਿੱਚ ਪਛੜਦੇ ਆਪਣੇ ਬੰਦੂਕਚੀਆਂ ਨੂੰ ਹੌਸਲਾ ਦਿੰਦੀਆਂ ਕਿਹਾ,'ਗੁਰੂ ਕੋਲ ਸਿੱਖੀ ਹੋਈ ਫ਼ੌਜ ਹੀ ਕਿੱਥੇ ਹੈ !ਇਕ ਪਠਾਣਾਂ ਦੀ ਫ਼ੌਜ ਸੀ,ਜੋ ਸਾਡੇ ਨਾਲ ਆ ਰਲੀ ਹੈ। ਹੌਂਸਲੇ ਨਾਲ ਲੜੋ। ਇਹ ਹੁਣੇ ਭੱਜੇ ਕਿ ਭੱਜੇ।'

"ਪਰ ਫੇਰ ਵੀ ਹਰੀ ਚੰਦ ਦੀ ਸੈਨਾ ਅਗੇ ਨਾ ਵਧ ਸਕੀ। ਇਹ ਦੇਖ ਕੇ ਉਸ ਪਿਛੇ ਹਟ ਕੇ ਫ਼ਤਿਹ ਸ਼ਾਹ ਨੂੰ ਕਿਹਾ, 'ਇਹ ਖ਼ਾਨ ਗੁਰੂ ਦੇ ਸਾਰੇ ਭੇਤ ਜਾਣਦੇ ਹਨ। ਇਨ੍ਹਾਂ ਨੇ ਹਾਲੀ ਲੜਾਈ ਸ਼ੁਰੂ ਹੀ ਨਹੀਂ ਕੀਤੀ। ਇਨ੍ਹਾਂ ਨੂੰ ਅਗੇ ਕਰ ਕੇ ਲੜਾਓ। ਫੇਰ ਹੀ ਸਾਡੀਆਂ ਫ਼ੌਜਾਂ ਡਟ ਕੇ ਲੜਨਗੀਆਂ।'

"ਇਹ ਗੱਲ ਫ਼ਤਿਹ ਸ਼ਾਹ ਦੇ ਦਿਲ ਲੱਗੀ। ਉਸ ਨੇ ਭੀਖਣ ਖਾਂ ਨੂੰ ਸਦ ਕੇ ਕਿਹਾ, 'ਖ਼ਾਨ, ਅਸੀਂ ਤੁਹਾਨੂੰ ਲੁੱਟ ਮੁਆਫ਼ ਕੀਤੀ ਹੈ। ਤੁਸੀਂ ਗੁਰੂ ਦੇ ਸਾਰੇ ਭੇਤ ਜਾਣਦੇ ਹੋ। ਉਹ ਨੇ ਵਣ ਵਣ ਦੀ ਲਕੜੀ ਇੱਕਠੀ ਕੀਤੀ ਹੋਈ ਹੈ ਤੇ ਉਨਾਂ ਵਿੱਚ ਕੋਈ ਵੱਡੇ ਜੋਧੇ ਵੀ ਨਹੀਂ ਅਤੇ ਫੇਰ ਵੀ ਤੁਸੀਂ ਹਾਲੀ ਤਕ ਲੜਾਈ ਸ਼ੁਰੂ ਨਹੀਂ ਕੀਤੀ। ਹਮਲਾ ਕਰੋ, ਤੇ ਗੁਰੂ ਦਾ ਵੱਡਾ ਖ਼ਜ਼ਾਨਾ ਲੁੱਟ ਕੇ ਧਨੀ ਬਣ ਕੇ ਘਰੀਂ ਮੁੜੋ।'

"ਭੀਖਣ ਖ਼ਾਨ ਨੇ ਗੱਲ ਮੰਨ ਲਈ ਤੇ ਆਪਣੀ ਫ਼ੌਜ ਨੂੰ ਮੋਰਚਾ ਤੋੜਨ ਲਈ ਹਮਲਾ ਕਰਨ ਦਾ ਹੁਕਮ ਦਿਤਾ। ਘੋੜ-ਸਵਾਰਾਂ ਨੇ ਪਹਿਲੋਂ ਘੋੜੀਆਂ ਤੋਂ ਹੀ ਤੀਰਾਂ ਗੋਲੀਆਂ ਦੀ ਵਾਛੜ ਕੀਤੀ। ਫੇਰ ਹੱਲਾ ਬੋਲ ਕੇ ਮੋਰਚੇ ਤੇ ਆ ਪਏ। ਕਟਾ-ਵੱਢ ਸ਼ੁਰੂ ਹੋ ਗਈ। ਭੀਖਣ ਖ਼ਾਨ ਫਿਰ ਕੇ ਕਮਜ਼ੋਰ ਪਾਸਾ ਦੇਖਣ ਲੱਗਾ। ਇਹ ਦੇਖ ਕੇ ਨੰਦ ਚੰਦ ਜੀ ਕਹਿਣ ਲੱਗੇ, "ਸਤਿਗੁਰੂ ਜੀ, ਜੇ ਆਗਿਆ ਕਰੋ ਤਾਂ ਮੈਂ ਜਾ ਕੇ ਇਨ੍ਹਾਂ ਦਾ ਵਧਣਾ ਰੋਕਾਂ। ਤੁਸੀਂ ਇਥੇ ਹੀ ਖੜੇ ਜੰਗ ਦੀ ਖੇਡ ਦੇਖੋ।'

"ਸਤਿਗੁਰਾਂ ਕਿਹਾ, 'ਇਹ ਠੀਕ ਹੈ। ਪਰ ਤੁਸੀਂ ਪੰਡਤ ਦਯਾ ਰਾਮ ਜੀ ਦੇ ਦਸਤੇ ਨੂੰ ਵੀ ਉਨ੍ਹਾਂ ਦੀ ਅਗਵਾਈ ਵਿੱਚ ਲੈ ਜਾਵੋ। ਪਠਾਣੀ ਸੈਨਾ ਦਾ ਕੁਝ ਵਧੇਰੇ ਜ਼ੋਰ ਪੈ ਗਿਆ ਹੈ।'



www.AKJ.Org

"ਝਟ ਹੀ ਦੋਵੇਂ ਦਸਤੇ ਤੇ ਆਗੂ ਘਾਟੀ ਤੋਂ ਉਤਰੇ। ਪਹਿਲੋਂ ਤੀਰ ਤੇ ਤੁਪਕਾਂ ਨਾਲ ਦੂਰੋਂ ਮਾਰ ਕੀਤੀ। ਤੀਰ ਤੇ ਗੋਲੀਆਂ ਖਾ ਕੇ ਕਈ ਪਠਾਣ ਡਿੱਗੇ। ਮੱਲ ਲਾਲ ਚੰਦ ਮਝਾਂ ਦੇ ਪਾਲੀ ਨੂੰ, ਜਿਹੜਾ ਉਸ ਵੇਲੇ ਸਾਹਿਬਾਂ ਦੇ ਕੋਲ ਖੜਾ ਸੀ, ਉਸ ਵੇਲੇ ਬੜਾ ਬੀਰ ਰਸੀ ਰੋਹ ਚੜ੍ਹਿਆ, ਤੇ ਉਸ ਨੇ ਹੱਥ ਜੋੜ ਕੇ ਸਤਿਗੁਰਾਂ ਤੋਂ ਉਥੇ ਜਾ ਕੇ ਜੰਗ ਕਰਨ ਦੀ ਆਗਿਆ ਮੰਗੀ, ਜਿਥੇ ਸੰਗੋਸ਼ਾਹ ਆਦਿ ਪੰਜਾ ਭਰਾਵਾਂ ਦੇ ਮੋਰਚੇ ਤੇ ਜ਼ੋਰ ਪੈ ਰਿਹਾ ਸੀ। ਗੁਰੂ ਜੀ ਨੇ ਆਗਿਆ ਕੀਤੀ, 'ਜਾਓ ਫੇਰ, ਛੇਤੀ ਜਾਓ, ਤੇ ਤੀਰਾਂ ਦੀ ਮਾਰ ਨਾਲ ਪਠਾਣਾਂ ਨੂੰ ਭਜਾ ਦਿਓ।'

"ਆਗਿਆ ਪਾ ਕੇ ਲਾਲ ਚੰਦ ਮਾਹੀ ਜੋਸ਼ ਨਾਲ ਧਨੁਸ਼ ਨੂੰ ਟੰਕਾਰਦਾ ਤੇ ਘੋੜੇ ਨੂੰ ਕੁਦਾਉਂਦਾ ਘਾਟੀ ਤੋਂ ਉਤਰ ਕੇ ਅਗੇ ਵਧਿਆ। ਵੀਰ ਰਸ ਦੇ ਸੰਚਾਰ ਨਾਲ ਉਸ ਦਾ ਚਿਹਰਾ ਲਾਲ ਹੋ ਗਿਆ ਸੀ। ਉਸ ਕਰੜੇ ਕਮਾਨ ਵਿਚੋਂ ਕੱਸ ਕੱਸ ਕੇ ਐਸੇ ਤੀਰ ਮਾਰੇ ਕਿ ਕਈ ਪਠਾਣ ਘੋੜਿਆਂ ਦੀਆਂ ਪਿੱਠਾਂ ਛੱਡ ਕੇ ਧਰਤੀ ਤੇ ਸੌਂ ਗਏ। ਇੰਨੇ ਨੂੰ ਦੋਹਾਂ ਪਾਸਿਆਂ ਦੇ ਜੋਧੇ ਹੱਥੋ ਹੱਥੀ ਲੜਨ ਲਗੇ। ਅੰਗ ਕਟੇ ਜਾਣ ਲਗੇ ਤੇ ਲਹੂ ਦੀ ਧਾਰਾ ਵਹਿ ਤੁਰੀ। ਪਠਾਣਾਂ ਦੀ ਪਿਛਲੀ ਸਫ਼ ਤੋੜਨ ਲਈ ਮਾਹਰੀ ਚੰਦ ਨੇ ਬੀਰਤਾ ਨਾਲ ਦੁਸ਼ਮਣਾਂ ਦੀ ਫ਼ੌਜ ਵਿਚ ਆਪਣਾ ਘੋੜਾ ਧਸਾ ਦਿਤਾ ਅਤੇ ਅੱਖ ਦੇ ਫੋਰ ਵਿਚ ਦੋ ਤਿੰਨ ਪਠਾਣ ਝਟਕਾ ਕੇ ਪਟਕਾ ਮਾਰੇ। ਪਰ ਪਠਾਣਾਂ ਨੇ ਪਿਛੇ ਹਟ ਕੇ ਮਾਹਰੀ ਚੰਦ ਜੀ ਨੂੰ ਘੇਰ ਲਿਆ ਤੇ ਤੀਰਾਂ ਦੇ ਵਾਰ ਕਰਨ ਲਗੇ, ਪਰ ਉਹ ਘੋੜੇ ਨੂੰ ਚਲਾਕੀ ਨਾਲ ਨਚਾ-ਫੰਦਾ ਕੇ ਵਾਰਾਂ ਨੂੰ ਨਿਸਫਲ ਕਰਦੇ ਰਹੇ। ਜਦੋਂ ਸੰਗੋਸ਼ਾਹ ਨੇ ਭਰਾ ਨੂੰ ਘਿਰਿਆ ਦੇਖਿਆ ਤਾਂ ਪਹਿਲੋਂ ਤੀਰਾਂ ਦੀ ਵਾਛੜ ਕਰ ਕੇ ਹੱਲਾ ਬੋਲ ਦਿੱਤਾ ਤੇ ਦੁਸ਼ਮਣਾਂ ਦੀਆਂ ਦੋ ਸਫ਼ਾਂ ਚੀਰ ਕੇ ਪਠਾਣਾਂ ਨੂੰ ਪਿੱਛੇ ਹਟਾ ਦਿਤਾ। ਕਈ ਤਾਂ ਹੱਲੇ ਦੀ ਤਾਬ ਨਾ ਲਿਆ ਕੇ ਉਠ ਦੌੜੇ। ਇੰਨੇ ਨੂੰ ਮਾਹਰੀ ਚੰਦ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਆਪਣੀ ਸੈਨਾ ਵਿਚ ਆ ਰਲੇ।

"ਦੂਜੇ ਬੰਨੇ ਪੀਰ ਬੁੱਧੂ ਸ਼ਾਹ ਨੇ ਪਹਾੜੀ ਰਾਜਿਆਂ ਤੇ ਮੁਲਖੀਏ ਦਲਾਂ ਨੂੰ ਬੰਦੂਕਾਂ ਦੀ ਮਾਰ ਨਾਲ ਡੱਕ ਰਖਿਆ ਸੀ ਤੇ ਉਨ੍ਹਾਂ ਨੂੰ ਪਠਾਣਾ ਜਾਂ ਹਰੀ ਚੰਦ ਦੀ ਵਿਚਕਾਰਲੇ ਦਲ ਦੀ ਸਹਾਇਤਾ ਕਰਨੋਂ ਰੋਕ ਛੱਡਿਆ ਸੀ। ਗੁੱਸਾ ਖਾ ਕੇ ਪਹਾੜੀਆਂ ਦੇ ਇਸ ਦਲ ਨੇ ਇੱਕਠਿਆਂ ਹੋ ਕੇ ਪੀਰ ਜੀ ਦੇ ਦਲ ਨੂੰ ਗਲੋਂ ਲਾਹੁਣ ਲਈ ਭਿਆਨਕ ਹਮਲਾ ਬੋਲ ਦਿਤਾ। ਦੋਹਾਂ ਪਾਸਿਆਂ ਤੋਂ ਗੋਲੀਆਂ ਚਲੀਆਂ ਜਿਵੇਂ ਦੋ ਬੱਦਲ ਦੋਹਾਂ ਬੰਨਿਆਂ ਤੋਂ ਲਾਗੇ ਲਾਗੇ ਆ ਕੇ ਇਕ ਦੂਜੇ ਤੇ ਗੜੇਮਾਰ ਕਰ ਰਹੇ ਹੋਣ। ਪਹਾੜੀਆਂ ਨੇ ਜ਼ੋਰ ਕਰ ਕੇ ਮਹਾਨ ਜੋਧੇ ਪੀਰ ਬੁੱਧੂ ਸ਼ਾਹ ਨੂੰ ਰੋਕ ਕੇ ਤਿੰਨ ਪਾਸਿਓਂ ਘੇਰ ਲਿਆ, ਪਰ ਪੀਰ ਪਿਛਾਂਹ ਨਾ ਹਟਿਆ, ਉਸ ਸਾਰਿਆਂ ਮੁਰੀਦਾਂ ਨੂੰ ਵੰਗਾਰ ਕੇ ਜਵਾਬੀ ਹਮਲਾ ਕੀਤਾ। ਪਹਾੜੀਆਂ ਦੇ ਜਵਾਬੀ ਹਮਲੇ ਨੂੰ ਆਪਣੇ ਜਵਾਬੀ ਹਮਲੇ ਨਾਲ ਰੋਕ ਕੇ ਪੀਰ ਜੀ ਆਪਣੇ ਚਾਰ ਬਹਾਦਰ ਪੁੱਤਰਾਂ ਨੂੰ ਲੈ ਕੇ ਅਗੇ ਵਧੇ। ਇਨ੍ਹਾਂ ਦੀ ਅਗਵਾਈ ਵਿਚ ਮੁਰੀਦਾਂ ਨੇ ਉਹ ਤਲਵਾਰ ਵਾਹੀ ਕਿ ਹਨੇਰੀ ਵਾਂਗ ਕਈ ਵੱਡੇ ਵੱਡੇ ਆਕੜ-ਖ਼ਾਨ ਜੜ੍ਹਾਂ ਤੋਂ ਉਖੇੜ ਦਿੱਤੇ। ਕਈ ਪਹਾੜੀਏ ਇਹ ਜ਼ੋਰ ਨਾ ਸਹਾਰਦੇ ਹੋਏ ਜੰਗਲ ਵਲ ਉਠ ਭੱਜੇ। ਇਹ ਦੇਖ ਕੇ ਗ਼ਾਜ਼ੀ ਗੁਪਾਲ ਚੰਦ ਗੁਲੇਰੀਆ ਜੋਧਿਆਂ ਦਾ ਤਾਜਾ-ਦਮ ਦਲ ਲੈ ਕੇ ਉਥੇ ਆ ਧੌਸਿਆ ਤੇ ਪੀਰ ਜੀ ਦੇ ਦਲ ਤੇ ਗੋਲੀਆਂ ਤੇ ਤੀਰਾਂ ਦਾ ਮੀਂਹ ਵਸਾ ਦਿਤਾ। ਗੁਪਾਲ ਨੂੰ ਅੱਗੇ ਵਧਦਿਆਂ ਦੇਖ ਕੇ ਬੀਰ ਪੀਰ ਦੇ ਚਾਰ ਬੀਰ ਸਪੁੱਤਰ ਅੱਗੇ ਹੋ ਡਟੇ। ਮੁਰੀਦਾਂ ਨੇ ਤਲਵਾਰਾਂ ਦੀ ਮਾਰ ਕੀਤੀ। ਪਹਾੜੀਆਂ ਨੂੰ ਭਜਦਿਆਂ ਦੇਖ ਕੇ ਗੁਪਾਲ ਲਲਕਾਰ ਕੇ ਅਗਾਂਹ ਆਇਆ ਤੇ ਕਹਿਣ ਲੱਗਾ, 'ਕਿਉਂ ਡਰ ਕੇ ਭਜੀ ਜਾਂਦੇ ਹੋ ? ਤੁਹਾਡੀ ਸਹਾਇਤਾ ਲਈ ਹੁਣ ਮੈਂ ਆ ਗਿਆ ਹਾਂ।'ਤੇ ਵੱਡੇ ਵੱਡੇ ਜੋਧਿਆਂ ਨੂੰ ਮੈਂ ਹੁਣ ਲੈ ਲੈਂਦਾਂ ਹਾਂ। ਭਜਦੇ ਪਹਾੜੀਆਂ ਨੂੰ ਧੀਰਜ ਹੋਇਆ। ਉਨ੍ਹਾਂ ਫੇਰ ਇੱਕਠੇ ਹੋ ਕੇ ਹੱਲਾ ਬੋਲਿਆ, ਪਰ ਪੀਰ ਦੇ ਪੁੱਤਰ ਪਿਛੇ ਨਾ ਹਟੇ। ਉਨ੍ਹਾਂ ਤੀਰ-ਕਮਾਨ ਤੇ ਸ਼ਮਸ਼ੇਰ-ਜ਼ਨੀ ਦੇ ਉਹ ਜੌਹਰ ਦਿਖਾਏ ਕਿ ਦੋਹਾਂ ਪਾਸਿਆਂ ਦੇ ਜੋਧੇ ਵਾਹ ਵਾਹ ਕਰ ਉਠੇ। ਦੋਹਾਂ ਪਾਸਿਆਂ ਦਾ ਬੜਾ ਨੁਕਸਾਨ ਹੋ ਰਿਹਾ ਸੀ। ਸੰਭਵ ਸੀ ਕਿ ਗੁਪਾਲ ਦੇ ਜੋਸ਼ ਵਧਾਉਣ ਸਦਕਾ ਪਹਾੜੀ ਫ਼ੌਜ ਤੇ ਮੁੜ ਇੱਕਠੀ ਹੋਈ ਛੇੜ, ਪੀਰ ਦੇ ਦਲ ਨੂੰ ਘੇਰ ਲਵੇ। ਸਤਿਗੁਰੂ ਆਪਣੇ ਉੱਚੇ ਦਮਦਮੇ ਤੋਂ ਇਹ ਸਭ ਕੁਝ ਦੇਖ ਰਹੇ ਸਨ।

"ਸਤਿਗੁਰਾਂ ਦੇ ਪਿਆਰੇ ਮਾਮਾ ਕਿਰਪਾਲ ਜੀ ਲਾਗੇ ਖੜੇ ਸਨ। ਸ੍ਰੀ ਗੁਰੂ ਜੀ ਨੇ ਉਨ੍ਹਾਂ ਵਲ ਤੱਕ ਕੇ ਕਿਹਾ, 'ਪਿਆਰੇ ਪੀਰ ਦੀ ਸਹਾਇਤਾ ਲਈ ਤੁਹਾਡੇ ਵਰਗਾ ਪਿਆਰਾ ਹੀ ਜਾਣਾ ਚਾਹੀਦਾ ਹੈ। ਜਾਓ, ਛੇਤੀ ਕਰੋ।'

"ਪੀਰ ਜੀ ਤੇ ਭੀੜ ਬਣੀ ਸੁਣ ਕੇ ਸ੍ਰੀ ਕਿਰਪਾਲ ਜੀ ਦਾ ਦਸਤਾ ਉਡਦਾ ਹੋਇਆ ਉਥੇ ਪਹੁੰਚਿਆ। ਲਲਕਾਰ ਕੇ ਪਹਾੜੀ ਫ਼ੌਜ ਤੇ ਇਕ ਬੰਨਿਓਂ ਹਮਲਾ ਕੀਤਾ। ਸਹਾਇਤਾ ਆਈ ਦੇਖ ਕੇ ਮੁਰੀਦਾਂ ਅੱਗੇ ਵਧਣਾ ਸ਼ੁਰੂ ਕੀਤਾ। ਦੋ ਪਾਸੇ ਤੋਂ ਜ਼ੋਰ ਪਾ ਕੇ, ਪੀਰ ਦੇ ਦੋ



www.AKJ.Org

ਪੁੱਤਰ ਜੋ ਪਿਛੇ ਨਾ ਹਟਣ ਕਰਕੇ ਘਿਰ ਗਏ ਸਨ, ਘੇਰੇ ਨੂੰ ਤੋੜ ਕੇ ਕਢ ਲਏ ਗਏ। ਪੀਰ ਦੇ ਪੁੱਤਰਾਂ ਨੂੰ ਬੜਾ ਰੋਹ ਚੜ੍ਹਿਆ। ਉਹ ਹੋਰ ਮੁਰੀਦ ਨਾਲ ਲੈ ਕੇ ਤੇਗਾਂ ਵਾਹੁੰਦੇ ਅਗਾਂਹ ਵਧੇ ਤੇ ਪਹਾੜੀਆਂ ਨੂੰ ਕੱਟ ਕੱਟ ਕੇ ਸੁਟਣ ਲਗੇ। ਗੁੱਸੇ ਵਿਚ ਆ ਗੁਲੇਰੀਏ ਨੇ ਆਪਣੇ ਧਨਖ ਵਿਚੋਂ ਇਕ ਐਸਾ ਤੀਰ ਛੱਡਿਆ ਕਿ ਪੀਰ ਦੇ ਇਕ ਪੁੱਤਰ ਦੀ ਛਾਤੀ ਚੀਰ ਕੇ ਦਿਲ ਵਿਚੋਂ ਲੰਘ ਗਿਆ। ਜਦੋਂ ਇਹ ਜੋਧਾ ਧਰਤੀ ਤੇ ਡਿੱਗਾ ਤਾਂ ਦੋਹਾਂ ਦਲਾਂ ਦੇ ਜੋਧੇ ਲਾਸ਼ ਤੇ ਕਬਜ਼ਾ ਕਰਨ ਲਈ ਅੱਗੇ ਵਧੇ। ਜ਼ਬਰਦਸਤ ਭੇੜ ਹੋਇਆ। ਸ੍ਰੀ ਕਿਰਪਾਲ ਜੀ ਨੇ ਗੁਪਾਲ ਦੇ ਦੁਆਲੇ ਦੇ ਜੋਧਿਆਂ ਤੇ ਤੀਰਾਂ ਦੀ ਮਾਰ ਕਰ ਕੇ ਉਨ੍ਹਾਂ ਨੂੰ ਖਿਲਾਰ ਦਿਤਾ ਤੇ ਫੇਰ ਇੱਕਠਿਆਂ ਨਾ ਹੋਣ ਦਿਤਾ। ਇਹ ਦੇਖ ਕੇ ਪੀਰ ਤੇ ਮੁਰੀਦ ਤੀਰਾਂ-ਤਲਵਾਰਾਂ ਦੀ ਮਾਰ ਕਰਦੇ ਅਗੇ, ਤੇ ਪਹਾੜੀ ਦਲ ਪਿਛੇ ਹਟਣ ਲੱਗਾ। ਲੋਹੇ ਦੀ ਉਹ ਮਾਰ ਪਈ ਕਿ ਉਨ੍ਹਾਂ ਦਾ ਧੀਰਜ ਪਰ ਲਾ ਕੇ ਉੱਡਣ ਲੱਗਾ, ਤੇ ਬਹਾਦਰ ਖੇਤ ਛੱਡ ਕੇ ਭੱਜਣ ਲਗੇ। ਇਹ ਦੇਖ ਕੇ ਗੁਪਾਲ ਫੇਰ ਅਗੇ ਵਧਿਆ। ਘੋੜੇ ਨੂੰ ਚੰਭਲਾ ਕੇ ਕਿਰਪਾਲ ਜੀ ਦਾ ਨਿਸ਼ਾਨਾ ਕਰ ਕੇ ਤੀਰ ਮਾਰਿਆ, ਪਰ ਉਨ੍ਹਾਂ ਨੇ ਵੀ ਘੋੜੇ ਨੂੰ ਟਪਾ ਦਿੱਤਾ ਤੇ ਤੀਰ ਘੋੜੇ ਦੀ ਜ਼ੀਨ ਵਿਚ ਖੁਭ ਗਿਆ। ਸ੍ਰੀ ਕਿਰਪਾਲ ਜੀ ਨੇ ਗੁਪਾਲ ਨੂੰ ਵੰਗਾਰਿਆ, ਲੈ ਬਈ ਜੋਧਿਆ ! ਜਾਂ ਤੇ ਮੇਰਾ ਵਾਰ ਦੇਹ, ਨਹੀਂ ਤੇ ਭਜ ਕੇ ਜਾਨ ਬਚਾ ਲੈ।' ਇਹ ਸੁਣ ਕੇ ਗੁਪਾਲ ਨੇ ਨਿਸ਼ਾਨਾ ਖੁੰਝਾਉਣ ਲਈ ਘੋੜੇ ਨੂੰ ਟਪਾਇਆ-ਕੁਦਾਇਆ, ਪਰ ਕਿਰਪਾਲ ਜੀ ਦਾ ਤੀਰ ਗੁਪਾਲ ਦੇ ਘੋੜੇ ਦੇ ਕੰਨ ਦੀ ਜੜ੍ਹ ਵਿਚ ਡੂੰਘਾ ਜਾ ਖੁਭਾ ਤੇ ਘੋੜਾ ਝੂਲ ਕੇ ਧਰਤੀ ਤੇ ਲੇਟ ਗਿਆ। ਗੁਪਾਲ ਘੋੜੇ ਨੂੰ ਉੱਥੇ ਹੀ ਛਡ ਕੇ ਭੱਜ ਕੇ ਆਪਣੀ ਫ਼ੌਜ ਪਿਛੇ ਜਾ ਲੁਕਿਆ ਤੇ ਫੇਰ ਕਾਇਰਾਂ ਵਾਂਗ ਖਿਸਕ ਗਿਆ। ਪਹਾੜੀਆਂ ਨੂੰ ਠੇਲਿਆਂ ਕਰ ਕੇ ਕਿਰਪਾਲ ਜੀ ਨੇ ਆਪਣੇ ਬਲ ਨਾਲ ਪੀਰ ਜੀ ਦੇ ਸਪੁੱਤਰ ਦੀ ਲਾਸ਼ ਚੁੱਕ ਲਿਆਂਦੀ। ਸ੍ਰੀ ਕਿਰਪਾਲ ਜੀ ਨੇ ਬੜੇ ਕੋਮਲ ਸ਼ਬਦਾਂ ਵਿੱਚ ਪੀਰ ਜੀ ਨੂੰ ਧੀਰਜ ਦਿੱਤਾ। ਪਰ ਪੀਰ ਤਾਂ ਆਪ ਧੀਰਜ ਦਾ ਰੂਪ ਸੀ। ਉਸ ਦੋਵੇਂ ਹੱਥ ਚੁੱਕ ਕੇ ਰੱਬ ਦੀ ਦਰਗਾਹ ਵਿਚ ਦੁਆ ਕੀਤੀ ਤੇ ਤਿੰਨ ਵਾਰ। ਸ਼ੁਕਰ ! ਸ਼ੁਕਰ ! ਕਿਹਾ। ਕਿਰਪਾਲ ਜੀ ਨੇ ਜਦ ਵਾਪਸ ਜਾ ਕੇ ਕਲਗੀਧਰ ਜੀ ਨੂੰ ਸਭ ਹਾਲ ਸੁਣਾਇਆ ਤਾਂ ਸਤਿਗੁਰਾਂ ਫੁਰਮਾਇਆ, 'ਵਾਹ ! ਵਾਹ ! ਬੁੱਧੂ ਸ਼ਾਹ ! ਵਾਹ ! ਤੂੰ ਆਪਣੀ ਆਨ ਰੱਖ ਲਈ ਹੈ।'

"ਉਧਰ ਵਿਚਕਾਰਲੇ ਮੋਰਚੇ ਤੇ ਵੀ ਪੰਜਾ ਭਰਾਵਾਂ ਨੰਦ ਚੰਦ, ਦਯਾ ਰਾਮ ਪੰਡਤ ਤੇ ਲਾਲ ਚੰਦ ਮਾਹੀ ਦੀ ਅਗਵਾਈ ਵਿਚ ਸਿੱਖ-ਦਲ ਨੇ ਪਹਾੜੀਆਂ ਤੇ ਪਠਾਣਾ ਦੇ ਵੱਡੇ ਦਲ ਨੂੰ ਬਹੁਤ ਨੁਕਸਾਨ ਕਰ ਕੇ ਪਿਛੇ ਹਟਾ ਦਿਤਾ ਸੀ। ਸੱਜਾ ਪਾਸਾ ਟੁੱਟਾ ਤੇ ਵਿਚਲਾ ਪਾਸਾ ਕਮਜ਼ੋਰ ਹੋਇਆ ਦੇਖ ਕੇ ਫ਼ਤਿਹ ਸ਼ਾਹ ਨੂੰ ਫ਼ਿਕਰ ਪਿਆ ਤੇ ਉਸ ਨੇ ਪਠਾਣਾਂ ਦਾ ਰੋਹ ਵਧਾਉਣ ਹਿਤ ਭੀਖਨ ਖ਼ਾਨ, ਹਯਾਤ ਖ਼ਾਨ, ਨਜਾਬਤ ਖ਼ਾਨ ਤੇ ਜਵਾਹਰ ਖ਼ਾਨ ਨੂੰ ਸਦਵਾ ਕੇ ਵਿਅੰਗ ਨਾਲ ਕਿਹਾ, 'ਤੁਸੀਂ ਤੇ ਕਹਿੰਦੇ ਸਾਓ ਕਿ ਗੁਰੂ ਕੋਲ ਗਵਾਰ ਲੋਕ ਇੱਕਠੇ ਹੋਏ ਹੋਏ ਹਨ ਤੇ ਨਾਲੇ ਕਹਿੰਦੇ ਸਾਓ ਕਿ ਉਨ੍ਹਾਂ ਨੂੰ ਹਥਿਆਰ ਚਲਾਉਣੇ ਤੇ ਕਿਤੇ ਰਹੇ, ਚੁਕਣੇ ਵੀ ਨਹੀਂ ਆਉਂਦੇ। ਹੁਣ ਜਦ ਤੁਹਾਨੂੰ ਗੁਰੂ ਕੇ ਖ਼ਜ਼ਾਨੇ ਦੀ ਲੁੱਟ ਮੁਆਫ਼ ਕੀਤੀ ਹੋਈ ਹੈ ਤਾਂ ਤੁਸੀਂ ਇਕ ਵਾਰਗੀ ਹਮਲਾ ਕਰ ਕੇ ਕੰਮ ਖ਼ਤਮ ਕਿਉਂ ਨਹੀਂ ਕਰਦੇ ?'

"ਭੀਖਣ ਕਹਿਣ ਲੱਗਾ, 'ਭਿਆਨਕ ਜੰਗ ਸ਼ੁਰੂ ਹੀ ਸਮਝੋ ! ਸਾਰੇ ਇਨ੍ਹਾਂ ਵਿਚ ਵੀਹ ਕੁ ਜੋਧੇ ਹਨ। ਲਓ, ਮਾਰੇ ਕਿ ਮਾਰੇ ! ਫੇਰ ਹੱਲਾ ਬੋਲ ਕੇ ਇਨ੍ਹਾਂ ਨੂੰ ਨਸਾ ਦਿਆਂਗੇ। ਹੁਣ ਤੁਸੀਂ ਫ਼ਿਕਰ ਹੀ ਨਾ ਕਰੋ।'

"ਝੱਟ ਹੀ ਉਸ ਨੇ ਆਪਣੇ ਸਵਾਰ ਇੱਕਠੇ ਕੀਤੇ। ਹਯਾਤ ਖ਼ਾਨ ਨੂੰ ਬੜਾ ਹੀ ਰੋਹ ਚੜ੍ਹਿਆ। ਉਸ ਨੇ ਭੀਖਣ ਖ਼ਾਨ ਨੂੰ ਨਾਲ ਲਿਆ, ਘੋੜਾ ਤੇਜ਼ ਕੀਤਾ ਤੇ ਵਿਚਕਾਰਲੇ ਮੋਰਚੇ ਤੇ ਹੱਲਾ ਬੋਲ ਕੇ ਜੁੱਧ ਨੂੰ ਫੇਰ ਭਖਾ ਦਿਤਾ। ਉਨ੍ਹਾਂ ਨੇ ਪਹਿਲੋਂ ਤੀਰਾਂ ਦੀ ਬਰਖਾ ਕੀਤੀ। ਜਿਹੜਾ ਅੱਗੇ ਵਧਦਾ ਸੀ, ਉਸੇ ਨੂੰ ਤੀਰ ਲਗਦਾ ਸੀ। ਜੋਸ਼-ਵਧਾਊ ਢੋਲ ਤੇ ਨਗਾਰੇ ਵਜ ਰਹੇ ਸਨ। ਦੇਖਦਿਆਂ ਦੇਖਦਿਆਂ ਧਰਤੀ ਲਹੂ ਨਾਲ ਰੰਗੀ ਗਈ। ਵਿਚਕਾਰਲੀ ਸਿਖ-ਸੈਨਾ ਦੀ ਉਨ੍ਹਾਂ ਬਹੁਤ ਹਾਨੀ ਕੀਤੀ ਤੇ ਉਹ ਜ਼ੋਰ ਨਾਲ ਪਿਛਾਂਹ ਧੱਕ ਦਿੱਤਾ। ਦਾਅ ਬਚਾ ਕੇ ਵਾਰ ਕਰਦੇ ਸਨ। ਘੋੜਿਆਂ ਨੂੰ ਤੇਜ਼ ਕਰ ਕੇ ਉਹ ਬੀਰਾਂ ਨੂੰ ਵੰਗਾਰਦੇ ਸਨ।

'ਇਹ ਵੰਗਾਰ ਸੁਣ ਕੇ ਇਸ ਉਦਾਸੀ ਕੀਟ ਨੂੰ ਰੋਹ ਚੜ੍ਹ ਗਿਆ। ਦਾਸ ਸਤਿਗੁਰਾਂ ਕੋਲ ਖੜਾ ਸੀ। ਸਿਖ-ਦਲ ਦੀ ਹਾਨੀ ਨਹੀਂ ਸੀ ਦੇਖੀ ਜਾਂਦੀ। ਮੈਂ ਬੇਨਤੀ ਕੀਤੀ 'ਪ੍ਰਭੂ ਗੁਰਦੇਵ ! ਇਹ ਹਯਾਤ ਕਮਜ਼ਾਤ ਸਾਡੇ ਦਲ ਨੂੰ ਬੜਾ ਡਰਾ ਰਿਹਾ ਹੈ। ਕੀਟ ਨੂੰ ਆਗਿਆ ਬਖ਼ਸ਼ੋ, ਇਹ ਬੜੇ ਦਾਅ-ਘਾ ਕਰਦਾ ਹੈ । ਮੈਂ ਇਸ ਨਾਲ ਲੜਾਗਾਂ ਤੇ ਫੰਡਾ ਪੁਟ ਕੇ ਮੁੜ ਤੁਹਾਡੇ ਦਰਸ਼ਨ ਕਰਾਗਾਂ।'

(ਚਲਦਾ)



www.AKJ.Org

# ਗੁਰਮਤਿ ਅਧਿਆਤਮਕ ਕਰਮ ਫਿਲਾਸਫੀ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਨੋਟ :- ਭਾਈ ਸਾਹਿਬ ਲਿਖਤ ਉਪਰੋਕਤ ਨਾਮ ਦੀ ਪੁਸਤਕ ਕਾਫ਼ੀ ਸਮੇਂ ਤੋਂ ਸਟਾਕ ਵਿਚ ਨਾ ਹੋਣ ਕਾਰਨ ਪਾਠਕਾਂ ਦੀ ਪੁਰਜ਼ੋਰ ਮੰਗ ਤੇ ਇਸ ਅੰਕ ਵਿਚ ਇਸ ਦੀ ਲੜੀਵਾਰ ਪ੍ਰਕਾਸ਼ਨਾ ਸ਼ੁਰੂ ਕੀਤੀ ਜਾ ਰਹੀ ਹੈ (ਸੰਪਾਦਕ)

## ੧-'ਕਰਮ' ਪਦ ਦੇ ਅਰਥ

ਗੁਰਬਾਣੀ ਅੰਦਰ ਕਰਮ ਪਦ ਸਤ ਪ੍ਰਕਾਰ ਦੇ ਅਰਥਾਂ ਵਿਚਿ ਵਰਤਿਆ ਗਿਆ ਹੈ (੧) ਜੋ ਕੀਤਾ ਜਾਵੇ, ਕੰਮ, ਕਾਰਜ। (੨) ਕਿਸਮਤ, ਤਕਦੀਰ, ਭਾਗ। (੩) ਬਖਸ਼ਿਸ਼, ਫਜ਼ਲ, ਰਹਿਮਤ, ਨਦਰ, ਮੇਹਰ। (੪) ਸ਼ੁਭ ਅਸ਼ੁਭ ਕਰਮ। (੫) ਸਖਾ-ਵਤ, ਦਾਤਾ ਪਨ। (੬) ਕਦਮ, ਉਲਾਂਘ। (੭) ਨਿਰਣਾ, ਵੇਰਵਾ, ਨ ਸਿਾਨ।

### ੨-ਪੂਰਬਲੇ ਕਰਮਾਂ ਦਾ ਲੇਖਾ

(ਲੇਖ, ਅਲੇਖ, ਸੁਲੇਖ)

ਆਮ ਸੰਸਾਰੀ ਲੋਗ ਦੁਨੀਆ ਅੰਦਰਿ ਦੂਜੇ ਭਾਇ ਦੇ ਦੁਰਮਤ ਕਰਮਾਂ ਵਿਚਿ ਪਰਵਿਰਤ ਰਹਿੰਦੇ ਹਨ, ਓਹਨਾਂ ਤੋਂ ਦੁਰਮਤਿ ਕਰਮ ਹੀ ਹੁੰਦੇ ਹਨ, ਭਾਵੇਂ ਓਹ ਬੇਦਾਂ ਨੂੰ ਪੜ੍ਹ ਪੜ੍ਹ ਕੇ ਵਖਾਨਣ ਹਾਰੇ ਪੰਡਿਤ ਹੀ ਹੋਣ ਪਰ ਓਹ ਮਾਇਆ ਮੋਹ ਦੇ ਸੁਆਉ ਵਿਚਿ ਹੀ ਲੱਥ ਪੱਥ ਰਹਿੰਦੇ ਹਨ, ਓਹਨਾਂ ਦੀ ਪਰਮਾਰਥ ਅਤੇ ਪਰਮਾਰਥ ਸਚੇ ਕਰਮ ਨਾਮ ਧਰਮ ਵਲ ਰੁਚੀ ਹੀ ਨਹੀਂ ਆਉਂਦੀ ਸੁਰਤੀ ਹੀ ਨਹੀਂ ਫਿਰਦੀ । ਓਹ ਅਵੱਸ ਭੈੜੇ ਦੁਰਮਤ ਕਰਮ ਹੀ ਕਰਦੇ ਹਨ। ਐਸੇ ਕਰਮ ਦਾ ਗੇੜ ਓਹਨਾਂ ਦਾ ਮੁਕਦਾ ਮਿਟਦਾ ਨਹੀਂ। ਪੂਰਬਲੇ ਕਰਮਾਂ ਦੀ ਲਿਖਤ ਅਨੁਸਾਰ ਏਹ ਦੁਰਮਤੀ ਕਰਮ ਓਹਨਾਂ ਨੂੰ ਅਵੱਸ ਕਰਨੇ ਬਣਦੇ ਹਨ। ਓਹਨਾਂ ਤੋਂ ਹੁੰਦੇ ਹੀ ਮੰਦੇ ਕਰਮ ਹਨ। ਇਹੋ ਓਹਨਾਂ ਨੂੰ ਪਿਛਲੇ ਜਨਮ ਦੇ ਕਰਮਾਂ ਦਾ ਫਲ ਮਿਲਿਆ ਹੁੰਦਾ ਹੈ, ਮੰਦੇ ਕਰਮ ਕਮਾਉਣਾ। ਇਸ ਜਨਮ ਵਿਚਿ ਏਹ ਮੰਦੇ ਕਰਮ ਕਰਨ ਕਰਕੇ ਓਹਨਾਂ ਦਾ ਅਗਲਾ ਲੇਖਾ ਸਗੋਂ ਹੋਰ ਵਧ ਜਾਂਦਾ ਹੈ, ਨਿਬੜਦਾ ਨਹੀਂ। ਅਜੇਹੇ ਮੂਰਖਾਂ ਨੂੰ ਅਗਾਹਾਂ ਹੋਰ ਸਜ਼ਾ ਮਿਲਦੀ ਹੈ। ਓਹ ਦਾਤੇ ਦੇ ਦਿਤੇ ਪਦਾਰਥਾਂ ਵਿਚਿ ਹੀ ਰਚ ਰਚ ਜਾਂਦੇ ਹਨ ਅਤੇ ਦਾਤੇ ਨੂੰ ਚਿਤਿ ਚੇਤੇ ਹੀ ਨਹੀਂ ਰਖਦੇ। ਉਸ ਦਾ ਕਦੇ ਭੀ ਚਿੰਤਨ ਨਹੀਂ ਕਰਦੇ ਜਿਸ ਨੇ ਇਹ ਜੀਉ ਪਿੰਡ ਸਰੀਰ ਦਿਤਾ ਹੈ ਅਤੇ ਜੋ ਸਾਰੇ ਚਰਾਚਰ ਜੀਉ ਪਿੰਡ ਸਾਜਕੇ ਸਾਰਿਆਂ ਨੂੰ ਮੰਦ ਅਮੰਦ ਕਰਮੀ ਮੂਰਖਾਂ ਮਨਮੁਖਾਂ ਨੂੰ ਭੀ ਰਿਜ਼ਕ ਰੋਜ਼ੀ ਦਿੰਦਾ, ਸੰਬਾਹੁੰਦਾ ਪਹੁੰਚਾਉਂਦਾ ਹੈ। ਓਹ ਬਪੁੜੇ ਮੂੜ ਮੰਦ ਕਰਮੀ ਸਦਾ ਚੁਰਾਸੀ ਦੇ ਗੇੜ ਵਿਚਿ ਹੀ ਪਏ ਰਹਿੰਦੇ ਹਨ, ਜਮ ਦਾ ਫਾਹਾ ਓਹਨਾਂ ਦੇ ਗਲਾਂ ਵਿਚਿ ਪਿਆ ਹੀ ਰਹਿੰਦਾ ਹੈ। ਕਦੇ ਨਹੀਂ ਕਟੀਂਦਾ (ਕੱਟੀਦਾ)। ਫਿਰ ਫਿਰ ਕੇ ਮੁੜ ਮੁੜ ਕੇ ਓਹ ਆਉਂਦੇ ਜਾਂਦੇ ਜੰਮਦੇ ਮਰਦੇ ਰਹਿੰਦੇ ਹਨ। ਓਹਨਾਂ ਅੰਧ ਅਗਿਆਨੀ ਮਨੁਖਾਂ ਅੰਧਲਿਆਂ ਨੂੰ ਮਨੁਖਾ ਜਨਮ ਦੇ ਸੰਵਾਰਨ ਦਾ ਉਪਾਉ ਸੰਰਜਾਮ ਕੁਛ ਸੁਝਦਾ ਹੀ ਨਹੀਂ ਓਹ ਅਪਣੇ ਪੂਰਬਲੇ ਕਰਮਾਂ ਦੀ ਲਿਖਤਕਾਰ ਦਾ ਲਿਖਿਆ ਭੋਗਦੇ ਹਨ, ਕੀਤਾ ਪਾਉਂਦੇ ਹਨ, ਧੁਰਿ ਲਿਖਿਤਾ ਕਮਾਉਂਦੇ ਹਨ। ਅਤੇ ਮੰਦ ਭਾਗੀਂ ਹੀ ਮਰਦੇ ਜੰਮਦੇ ਆਉਂਦੇ ਜਾਂਦੇ ਰਹਿੰਦੇ ਹਨ। ਪੂਰੇ ਭਾਗਾਂ ਕਰਕੇ ਅਛੇ ਨੇਕ ਕਰਮਾਂ ਕਰਕੇ ਜਿਨਾਂ ਦੇ ਕਰਮ ਪੂਰਬਲੇ ਜਨਮਾਂ ਦੇ ਕੀਤੇ ਹੋਏ ਹੁੰਦੇ ਹਨ, ਤਿਨਾਂ ਦਾ ਅੰਕੁਰ ਇਹੁ ਸਫੁੱਟ ਹੁੰਦਾ ਹੈ ਕਿ ਇਸ ਜਨਮ ਵਿਖੇ ਓਹਨਾਂ ਨੂੰ ਸਚਾ ਸੁਖਦਾਤਾ ਅਪਣੇ ਸਚੇ ਸਤਿਗੁਰ ਸਰੂਪ ਵਿਚਿ ਆਇ ਮਿਲਦਾ ਹੈ। ਜਿਸ ਤੋਂ ਸਚੀ ਦੀਖਿਆ ਗੁਰ-ਦੀਖਿਆ ਮਿਲ ਕੇ ਨਾਮ ਦੀ ਪ੍ਰਾਪਤੀ ਹੁੰਦੀ ਹੈ। ਜਿਸ ਸੁਖ ਦਾਤੇ ਸਚੇ ਸੁਖਦਾਤੇ ਦੀਆਂ ਕਮਾਈਆਂ ਕਰਕੇ ਓਹ ਵਡ ਭਾਗੇ ਪੁਰਸ਼ ਸੁਖ ਮਾਣਦੇ ਹਨ ਅਤੇ ਗ੍ਰਿਸਤ ਵਿਚਿ ਹੀ ਰਹਿੰਦੇ ਹੋਏ ਖਾਂਦੇ ਪੀਂਦੇ ਪਹਿਨਦੇ ਹਸਦੇ ਖੇਡਦੇ ਰਹਿੰਦੇ ਹਨ, ਤਿਨਾ ਦੀ ਸੁੱਖੋ ਸੁੱਖ ਹੀ ਸਦਾ ਸੁਖਾਂ ਆਤਮ ਆਨੰਦ ਮਈ ਸੁਖਾਂ ਵਿਚਿ ਸਾਰੀ ਅਵਸਥਾ(ਉਮਰ) ਵਿਹਾਉਂਦੀ ਹੈ। ਐਸਾ ਸੁਖਦਾਤਾ ਨਾਮ ਕਦੇ ਭੀ ਮਨਹੁੰ ਨਹੀਂ ਵਿਸਾਰਨਾ ਚਾਹੀਦਾ ਜਿਸ ਦੀ ਪਰਤਾਪ ਕਮਾਈ ਕਰਕੇ ਸਚੇ ਦਾਤਾਰ ਦੇ ਦਰ ਸਚੀ ਸੋਭਾ ਮਿਲਦੀ ਹੈ। ਯਥਾ ਗੁਰਵਾਕ-ਸਲੋਕ ਮਹਲਾ ੩।।

ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ।। ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ।। ਜਿਨਿ ਜੀਉ ਪਿੰਡ ਦਿਤਾ ਤਿਸੁ ਕਬਹੂ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ।। ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ।। ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬ ਲਿਖਿਆ ਕਮਾਇ।। ਪੂਰੇ ਭਾਗਿ ਸਤਿਗੁਰੁ ਮਿਲੈ ਸੁਖ ਦਾਤਾ ਨਾਮੁ ਵਸੈ ਮਨਿ ਆਇ।। ਸੁਖੁ ਮਾਣਹਿ ਸੁਖੁ ਪੈਨਣਾ ਸੁਖੇ ਸੁਖ ਵਿਹਾਇ।। ਨਾਨਕ ਸੋ ਨਾਉ ਮਨਹੁ ਨ ਵਿਸਾਰਿਐ ਜਿਤੁ ਦਰਿ ਸਚੈ ਸੋਭਾ ਪਾਇ।।੧।।੬।।



www.AKJ.Org

(ਸਿਰੀ ਰਾਗ ਕੀ ਵਾਰ ਮਃ ੪)

ਗੁਰਮਤਿ ਨਾਮ ਜਪਣ ਰੂਪੀ ਸਚੀ ਕਮਾਈ ਦਾ ਸ਼ੁਭ ਕਰਮ ਪੂਰਬਲੀ ਪੂਰਬਲੇ ਸ਼ੁਭ ਕਰਮਾਂ ਦੀ ਲਿਖਤ ਅਨੁਸਾਰ ਹੀ ਕੋ ਵਡਿਭਾਗੀ ਗੁਰਮੁਖਿ ਜਨ ਕਮਾਉਂਦਾ ਹੈ। ਓਹੀ ਗੁਰੂ ਘਰ ਦਾ ਸਤਿਗੁਰੂ ਦਾ ਸੱਚਾ ਸਿਖ ਸੇਵਕੁ ਬਣਦਾ ਹੈ, ਓਸੇ ਨੂੰ ਹੀ ਗੁਰੂ ਦੁਆਰਿਓਂ, ਗੁਰੂ ਸਰੂਪ ਪੰਜਾਂ ਪਿਆਰਿਆਂ ਦੇ ਰਾਹੀਂ ਸਚੀ ਦੀਖਿਆ ਗੁਰਮਤਿ ਨਾਮ ਦੀ ਮਿਲਦੀ ਹੈ, ਜਿਸ (ਗੁਰਮਤਿ ਨਾਮ) ਦੇ ਸੇਵਨ ਕਮਾਵਨ ਕਰ ਕੇ (ਗੁਰੂ ਦਾ ਸਚਾ ਸਿਖ ਸੇਵਕ ਬਣਨ ਕਰਕੇ) ਤਿਸ ਗੁਰ ਸਿਖ ਸੇਵਕ ਵਡਭਾਗੇ ਗੁਰਮੁਖ ਜਨ ਨੂੰ ਸਦੀਵੀ ਆਤਮ ਪਰਮਾਤਮ ਸੁਖ ਦੀ ਆਨੰਦ ਕਲਿਆਨ ਦਾਇਕ ਪ੍ਰਾਪਤੀ ਹੁੰਦੀ ਹੈ। ਭਾਗਾਂ ਬਿਨਾ ਐਸਾ ਸਤਿਗੁਰੂ ਨਹੀਂ ਮਿਲਦਾ। ਇਹ ਕੇਵਲ ਗੁਰੂ ਘਰ (ਗੁਰੂ ਨਾਨਕ ਦੇ ਘਰ) ਨੂੰ ਹੀ ਵਡਿਆਈ ਤੌਫ਼ੀਕ ਹੈ ਕਿ ਜਿਥੋਂ ਗੁਰ ਦੀਖਿਆ ਰੂਪੀ ਸਬਦ ਗੁਰ ਮੰਤਰ ਦੀ ਸਚੀ ਦਾਤਿ ਸੁਲਭਤ ਹੁੰਦੀ (ਲਭਦੀ) ਹੈ। ਸਤਿਗੁਰੂ ਗੁਰੂ ਨਾਨਕ ਦਸਮੇਸ਼ ਨੇ ਜੁਗਾਂ ਪ੍ਰਯੰਤ ਸਦੀਵ ਲਈ ਪੰਜਾਂ ਪਿਆਰਿਆਂ ਦੁਆਰਾ ਇਸ ਦਾਤਿ ਪ੍ਰਾਪਤੀ ਦਾ ਧੁਰਵਾ ਬੰਨ੍ਹ ਦਿਤਾ। ਇਹੀ ਸਬਦ ਗੁਰ ਮੰਤ੍ਰ ਰੂਪੀ ਦਾਤਿ ਹੈ ਜਿਸ ਦੀ ਕਮਾਈ ਕਰਕੇ ਦਾਤੇ ਦਾਤਾਰ ਅਗਮ ਅਗੋਚਰ ਨਿਰੰਕਾਰ ਨੂੰ ਮਿਲੀਦਾ ਹੈ। ਯਥਾ ਗੁਰਵਾਕ:-ਮਾਝ ਮਹਲਾ ੩।।........

ਪੁਰਬਿ ਲਿਖਿਆ ਸੁ ਕਰਮੁ ਕਮਾਇਆ।।
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ।।
ਬਿਨੁ ਭਾਗਾ ਗੁਰੁ ਪਾਈਐ ਨਾਹੀ
ਸਬਦੈ ਮੇਲਿ ਮਿਲਾਵਣਿਆ।।੨।।...।।੮।।੧੪।।੧੫।।

ਇਹ ਪੂਰਬਲੇ ਕਰਮਾਂ ਦਾ ਅੰਕੂਰ ਹੈ । ਜਦੋਂ ਇਹ ਉਗਵਦਾ ਪੁੰਕਰਦਾ ਹੈ, ਪਰਗਟ ਉਦੇ ਹੁੰਦਾ ਹੈ। ਤਦੋ ਹੀ ਪੂਰਬ ਕਰੰਮੜੇ ਅੰਕੂਰ ਪ੍ਰਗਟ ਹੋਣ ਕਰਿ ਰਸਕ ਬੈਰਾਗੀ ਪੁਰਖ ਕਿਸੇ ਨਾਮ ਬਾਣੀ ਕੀਰਤਨ ਦੇ ਰਸੀਏ ਮਾਇਆ ਤੋਂ ਅਤੀਤ ਪਰਮਾਤਮਾ ਮਿਲਾਪ ਦੇ ਅਰੂੜ ਵੈਰਾਗ ਅਨੁਰਾਗ ਪਾਗੀ ਪੁਜੇ ਹੋਏ ਗੁਰਮੁਖ ਜਨ ਦਾ ਦਰਸ ਭੇਟ ਮਿਲਾਵਾ ਹੁੰਦਾ ਹੈ। ਜਿਸ ਦੇ ਸੁਤੇ ਪ੍ਰੇਰਨਾ ਪ੍ਰਭਾਵ ਪਰਤਾਪ ਕਰਿ ਉਹ ਜਗਿਆਸੂ ਉਤਮ ਪੁਰਸ਼ ਵਡਿਭਾਗਾ ਸਤਿਗੁਰੂ ਗੁਰੂ ਨਾਨਕ ਦੇ ਦਰੋਂ ਘਰੋਂ ਵਰੋਸਾਉਂਦਾ ਹੈ। ਗੁਰਮਤਿ ਨਾਮ ਦੀ ਅਮੋਲਕ ਦਾਤ ਪਾਉਂਦਾ ਹੈ। ਇਸ ਬਿਧਿ ਗੁਰਮੁਖ ਸੰਤ ਜਨਾ ਪੰਚ ਜਨਾ ਦੀ ਸੰਗਤਿ ਦੇ ਤੁਫੈਲ ਉਸ ਦੇ ਅਗਿਆਨ ਅੰਧੇਰ ਗੁਬਾਰ ਦੀ ਨਿੰਦ੍ਰਾ (ਨੀਂਦ) ਵਿਚਿ ਜਨਮ ਜਨਮਾਤ੍ਰਾਂ ਦੇ ਸੁੱਤੜੇ ਦੀ ਗੁਰ ਗਿਆਨ ਜੋਤਿ ਪ੍ਰਕਾਸ਼ੀ ਜਾਗ ਖੁਲ੍ਹ ਜਾਂਦੀ ਹੈ। ਯਥਾ ਗੁ:-

ਗਉੜੀ ਮਹਲਾ ੫.......................੧।।
ਪੁਰਬਿ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ
ਪੁਰਖੁ ਰਸਕ ਬੈਰਾਗੀ।।
ਮਿਟਿਓ ਅੰਧੇਰ ਮਿਲਤਿ ਹਰਿ ਨਾਨਕ
ਜਨਮ ਜਨਮ ਕੀ ਸੋਈ ਜਾਗੀ।।੨।।੨।। ੧੧੬।।

ਗੁਰਮਤਿ ਨਾਮ ਅਭਿਆਸ ਰੂਪੀ ਕਰਮੁ ਸਾਰੇ ਸਰੀਰਕ ਰੋਗਾਂ ਲਈ ਅਉਖਧੀ ਰੂਪ ਨੁਸਖਾ ਹੈ। ਗੁਰਮਤ ਗੁਣ ਮੰਗਲ ਗਾਵਣ ਰੂਪੀ ਸਚੜਾ ਕਰਮ_ ਕਲਿਆਣ ਰੂਪ ਹੈ ਜਿਸ ਤੋਂ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਗੁਰਮਤਿ ਨਾਮੁ ਰੂਪੀ ਬੀਜ ਮੰਤਰ ਅਰਥਾਤ ਉਹ ਗੁਰ-ਮੰਤਰ ਜੋ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਦੁਆਰਾ ਅਧਿਕਾਰੀ ਅੰਮ੍ਰਿਤ ਪਾਤਰ ਜਗਿਆਸੂ ਜਨ ਦੇ ਹਿਰਦੇ ਅੰਦਰ ਬੀਜਿਆ ਜਾਂਦਾ ਹੈ। ਇਸ ਦਾ ਪ੍ਰਾਪਤੀ ਮਈ ਗਿਆਨੁ ਸਰਬ ਪ੍ਰਾਨੀ ਮਾਤਰ ਲਈ ਹੈ। ਚੌਹਾਂ ਵਰਨਾਂ ਵਿਚੋਂ ਹਰ ਕੋਈ ਇਸ ਦਾ ਅਧਿਕਾਰੀ ਹੈ। ਹਰ ਇਕ ਵਰਨ ਹਰ ਇਕ ਜਾਤਿ ਜਨਮ ਦਾ ਪ੍ਰਾਨੀ ਗੁਰਮਤਿ ਨਾਮ ਦੇ ਜਪਣ ਦਾ ਹਕ ਰਖਦਾ ਹੈ। ਜੋ ਕੋਈ ਭੀ ਗੁਰਮਤਿ ਨਾਮ ਦਾ ਜਾਪ ਕਰਦਾ ਹੈ, ਭਾਵੇਂ ਕਿਸੀ ਵਰਣ ਜਾਤੀ ਵਿਚੋਂ ਜਨਮਿਆ ਹੋਵੇ ਤਿਸ ਦੀ ਨਿਰਸੰਦੇਹ ਗਤਿ ਕਲਿਆਣ ਹੋ ਜਾਂਦੀ ਹੈ। ਪ੍ਰੰਤੂ ਇਸ ਗੁਰਮਤਿ ਨਾਮ ਦੀ ਪ੍ਰਾਪਤੀ ਅਤੇ ਜਪਣ ਦੀ ਜੁਗਤੀ ਤਿਸੇ ਵਿਰਲੇ ਵਡਿਭਾਗੀ ਪੁਰਸ਼ ਨੂੰ ਨਸੀਬ ਹੁੰਦੀ ਹੈ ਜਿਸ ਨੂੰ ਗੁਰ ਘਰ ਦੀ ਸਾਧ ਸੰਗਤਿ ਸਚੀ ਸਤਿ ਸੰਗਤਿ ਵਿਚਿ ਵਾਸਾ ਮਿਲਣ ਦੇ ਕਾਰਨ ਪੰਜਾਂ ਪਿਆਰਿਆਂ ਤੋਂ ਬੀਜ ਮੰਤ੍ਰੀ ਜੀਵਨ ਗੁੜ੍ਹਤੀ ਮਿਲਿ ਚੁਕੀ ਹੋਵੇ। ਹੋਰ ਕਿਸੇ ਭੀ ਜੁਗਤੀ ਦੁਆਰਾ ਗੁਰਮਤਿ ਨਾਮ ਅਤੇ ਨਾਮੀ ਵਾਹਿਗੁਰੂ ਨਹੀਂ ਪਾਇਆ ਜਾ ਸਕਦਾ। ਨਾ ਹੀ ਕਿਸੇ ਹੋਰਤ ਧਰਮ ਕਰਮ ਕੀਤਿਆਂ ਵਾਹਿਗੁਰੂ ਅਤੇ ਵਾਹਿਗੁਰੂ ਦਾ ਨਾਮ ਮਿਲਦਾ ਹੈ। ਬਸ, ਤਿਸੇ ਨੂੰ ਮਿਲਦਾ ਹੈ ਜਿਸ ਦੇ ਪੂਰਬਲੇ ਕਰਮਾਂ ਵਿਚੋਂ ਧੁਰੋਂ ਕਰਮ ਬਿਧਾਤੇ ਨੇ ਲਿਖਿਆ ਹੁੰਦਾ ਹੈ। ਜਿਸ ਦੇ ਉਪਰਿ ਇਸ ਬਿਧਿ ਧੁਰਿ ਨਦਰ ਕਰੰਮੀ ਕਿਰਪਾ ਹੋ ਗਈ ਹੋਵੇ। ਉਸੇ ਹੀ ਗੁਰਮੁਖ ਜਨ ਦੇ ਰਿਦੰਤਰਿ ਅੰਤਰਿ ਆਤਮੇ ਹੀ ਗੁਰਮਤਿ ਨਾਮ ਦ੍ਰਿੜ ਕਰ ਕੇ ਧਾਰਨ ਹੁੰਦਾ ਹੈ। ਗੁਰਮਤਿ ਨਾਮ ਦੇ ਧਾਰਨ ਰੂਪੀ ਅਭਿਆਸ ਦੀ ਕਲਾ ਐਸੀ ਪਾਰਸ ਰੂਪ ਹੈ ਕਿ ਇਹ ਪਸੂਆਂ ਪ੍ਰੇਤਾਂ ਮੁਘਧਾਂ ਪਥਰਾਂ ਦੇ ਭੀ ਤਾਰਨ ਨੂੰ ਸਮਰਥ ਹੈ। ਯਥਾ ਗੁਰਵਾਕ:-

ਬੀਜ ਮੰਤ੍ਰ ਸਰਬ ਕੋ ਗਿਆਨ।।


www.AKJ.Org

ਚਹੁ ਵਰਨਾ ਮਹਿ ਜਪੈ ਕੋਊ ਨਾਮੁ।।
ਜੋ ਜੋ ਜਪੈ ਤਿਸਕੀ ਗਤਿ ਹੋਇ।।
ਸਾਧ ਸੰਗਿ ਪਾਵੈ ਜਨ ਕੋਇ।।
ਕਰਿ ਕਿਰਪਾ ਅੰਤਰਿ ਉਰਿਧਾਰੈ।।
ਪਸੁ ਪ੍ਰੇਤ ਮੁਘਧ ਪਾਥਰ ਕਉ ਤਾਰੈ।।
ਸਰਬ ਰੋਗ ਕਾ ਅਉਖਦੁ ਨਾਮੁ।।
ਕਲਿਆਣ ਰੂਪ ਮੰਗਲ ਗੁਣ ਗਾਮ।।
ਕਾਹੂੰ ਜੁਗਤਿ ਕਿਤੈ ਨ ਪਾਈਐ ਧਰਮਿ।।
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ।।
(ਸੁਖਮਨੀ ਅ: ੫:੯

ਨਾ ਸਿਰਫ ਨਾਮ ਰੂਪੀ ਅਭਿਆਸ ਕਰਮ ਦੀ ਦਾਤਿ ਹੀ ਪੂਰਬ ਲਿਖੇ ਕਰਮਾਂ ਦਾ ਫਲ ਹੈ। ਬਲਕਿ **ਜੋ ਜੋ ਕਰਮ ਰੂਪੀ ਕਾਰ ਹਰ ਇਕ ਪ੍ਰਾਨੀ ਸੁਤੇ ਸੁਭਾਵ ਕਰਦਾ ਹੈ ਅਤੇ ਬੇਬੱਸਾ ਹੋ ਕੇ ਕਰੀ ਜਾਂਦਾ ਹੈ ਉਹ ਕਾਰ ਕਰਮ ਉਸ ਦੇ ਪੂਰਬਲੇ ਕਰਮਾਂ ਦੀ ਲਿਖਤ ਕਾਰ ਰੂਪੀ ਫਲ ਹੈ ਅਤੇ ਇਹ ਕਾਰ ਕਮਾਵਨੀ ਕਰਤੇ ਨੇ ਹੀ ਕਰਮ ਫਲ ਦਾਤੇ ਨੇ ਹੀ ਧੁਰੋਂ ਲਿਖ ਪਾਈ ਹੈ। ਯਥਾ ਗੁਰਵਾਕ:-**

**ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ।।**

**ਤਥਾ:- ਆਸਾ........੩।।**
**ਸਾਕਤੁ ਸੁਆਨ ਸਭ ਕਰੇ ਕਰਾਇਆ।।**
**ਜੋ ਧੁਰਿਲਿਖਿਆ ਸੁ ਕਰਮ ਕਮਾਇਆ।।੪।।੫।।੭।।੨੦।।**

ਭਾਵ:-

ਧੁਰੋਂ ਲਿਖ ਛੋਡੀ ਕਾਰ ਧੁਰੋਂ ਲਿਖਿਆ ਪੂਰਬਲੇ ਜਨਮ ਦਾ ਕਰਮ ਅਵੱਸ ਕਰਨਾ ਪੈਂਦਾ ਹੈ। ਇਹ ਕਰਮ ਕਰਨ ਹਾਰੇ ਦੇ ਵਸ ਦਾ, ਉਸ ਦੀ ਅਪਣੀ ਮਰਜ਼ੀ ਦਾ ਕਰਮ ਨਹੀਂ ਰਹਿੰਦਾ। ਇਸ ਵਿਚ ਉਸ ਦਾ ਕੋਈ ਚਾਰਾ ਨਹੀਂ ਚਲਦਾ ਆਮੁਹਾਰਾ ਹੀ ਉਸ ਤੋਂ ਹੁੰਦਾ ਹੈ। ਇਹ ਕਰਮ ਉਸ ਦੇ ਪਿਛਲੇ ਜਨਮ ਦੀ ਸਜ਼ਾ (ਬਦਲੇ) ਦੇ ਰੂਪ ਵਿਚਿ ਹੁੰਦਾ ਹੈ। ਜਜ਼ਾ ਸਜ਼ਾ ਦੇਣ ਹਾਰਾ ਕਰਮ ਬਿਧਾਤਾ ਕਰਮ ਫਲ ਦਾਤਾ ਵਾਹਿਗੁਰੂ ਹੀ ਉਸ ਤੋਂ ਕਰਾਉਂਦਾ ਹੈ। ਪਰ ਇਸ ਕਰਮ ਕਰਨ ਦੀ ਜ਼ੁਮੇਵਾਰੀ ਤੋਂ ਕਰਮ ਕਰਨ ਹਾਰਾ ਪ੍ਰਾਨੀ ਬੱਚਤ ਨਹੀਂ ਹੁੰਦਾ। ਜ਼ੁਮੇਵਾਰੀ ਤਾਂ ਉਸ ਦੀ ਜ਼ਰੂਰੀ ਠਹਿਰੀ, ਪਿਛਲੇ ਜਨਮ ਦੇ ਕਰਮਾਂ ਦੇ ਕਰਮਾਂ ਦਾ ਜ਼ੁਮੇਵਾਰ ਕਰਨਹਾਰਾ ਪ੍ਰਾਨੀ ਹੀ ਗਰਦਾਨਿਆ ਜਾਂਦਾ ਹੈ। ਪਿਛਲੇ ਜਨਮ ਦੇ ਕਰਮਾਂ ਦੀ ਜਜ਼ਾ ਸਜ਼ਾ ਵਿਚਿ ਉਸ ਨੂੰ ਉਸ ਦੇ ਕਰਮ ਦੀ ਹੈਅਤ ਦੇ ਮੁਤਾਬਕ ਨਿਰਾ ਜਨਮ ਹੀ ਨਹੀਂ ਮਿਲਦਾ ਬਲਕਿ ਇਸ ਨਵੇਂ ਮਿਲੇ ਕਰਮ ਕੇ ਅੰਤੀ ਜਨਮ ਦੀ ਜੈਅੰਤੀ ਵਾਲੇ ਕਰਮ ਭੀ ਉਸ ਨੂੰ ਅਵੱਸ ਕਰਨੇ ਪੈਂਦੇ ਹਨ। ਸਾਕਤ ਕਰੰਮੀਆਂ ਨੂੰ ਸਾਕਤਾਂ ਵਾਲਾ ਜਨਮ ਹੀ ਮਿਲੇਗਾ। ਅਤੇ ਸਾਕਤਾਂ ਵਾਲੇ ਕਰਮ ਹੀ ਉਨ੍ਹਾਂ ਤੋਂ ਹੋਣਗੇ। ਇਸ ਦੀ ਠੱਲ ਨਹੀਂ ਪੈਂਦੀ, ਨਾ ਪਵੇਗੀ, ਜਦੋਂ ਤਾਈਂ ਹੁਕਮ ਰਜਾਈ ਕਰਮ ਬਿਧਾਤੇ ਦੀ ਹੁਕਮ ਰਜ਼ਾ ਅਨੁਸਾਰ ਉਹ ਸੁਲੱਖਣਾ ਵਿਲੱਖਣਾ ਕੰਮ ਕਰਮ ਉਸ ਤੋਂ ਲਈਂ ਹੋ ਆਵੇਗਾ ਜੋ ਕਮਾਤੇ ਸਮੂਹ ਕਰਮਾਂ ਨੂੰ ਬੰਨ੍ਹ ਲਾਉਣਹਾਰਾ ਹੈ। ਇਹ ਸ਼ੁਭ ਕਰਮ ਭੀ ਕਿਸੇ ਸ਼ੁਭ ਕਰਮੀ ਅੰਕੂਰ ਦੇ ਉਗਵਨ ਕਰਿ ਹੀ ਹੋਵੇਗਾ, ਅਗਿਆਨੀ ਮੂੜ੍ਹ ਲੋਕ ਅਸ਼ੁਭ ਕਰਮਾਂ ਦਾ ਦੋਸ਼ ਤਾਂ ਕ੍ਰਾਉਣਹਾਰੇ ਤੇ ਲਾਉਂਦੇ ਹਨ ਅਤੇ ਸ਼ੁਭ ਕਰਮਾਂ ਦੇ ਕਰਨ ਦਾ ਕ੍ਰੈਡਿਟ ਆਪ ਲੈਂਦੇ ਹਨ। ਸ਼ੁਭ ਕਰਮਾਂ ਦੇ ਕਰਨ ਹਾਰੇ ਆਪਣੇ ਆਪ ਨੂੰ ਮੰਨਦੇ ਹਨ। ਇਹ ਉਹਨਾਂ ਦਾ ਅਨੁਮਾਨ ਬਿਲਕੁਲ ਗਲਤ ਹੈ ਅਤੇ ਉੱਕਾ ਹੀ ਗੁਰਮਤਿ ਪ੍ਰਤਿਕੂਲ (ਗੁਰਮਤ ਤੋਂ ਉਲਟ) ਹੈ। ਕਰਤਾਰ ਦੇ ਘਰਿ ਸਦਾ ਸਚਾ ਨਿਆਉਂ ਹੈ। ਉਹ ਕਰਤਬਾਂ ਤੇ ਕਰਮਾਂ ਤੇ ਨਿਬੇੜਾ ਕਰਤਾ ਹੈ। ਪੂਰਬਲੇ ਜਨਮ ਦੀ ਕਰਮੀ ਕਰਤੂਤ ਅਨੁਸਾਰ ਹੀ ਨਿਆਉਂ ਨਿਬੇੜਦਾ ਹੈ। ਪਿਛਲੇ ਜਨਮ ਦੇ ਕਿਸੇ ਸ਼ੁਭ ਕਰਮ ਦੇ ਸ਼ੁਭ ਅੰਕੂਰ ਕਰ ਕੇ ਉਸ ਨੂੰ ਮਾਨੁਖਾ ਜਨਮ ਫੇਰ ਮਿਲਦਾ ਹੈ। (ਮਾਨੁਖਾ ਜਨਮ ਦੇ ਦੇਣ ਹਾਰਾ ਦਾਤਾਰ ਕਰਤਾਰ ਵਾਹਿਗੁਰੂ ਹੈ) ਜਿਸ ਦੇ ਵਡੇ ਭਾਗ ਹੁੰਦੇ ਹਨ ਉਸ ਨੂੰ ਧੁਰ ਪਠਾਏ ਗੁਰੂ ਅਵਤਾਰ ਦਾ ਉਪਦੇਸ਼ ਕਾਟ ਕਰ ਜਾਂਦਾ ਹੈ ਅਤੇ ਉਸ ਦੇ ਦਰਸਾਏ ਸ਼ੁਭ ਵਿਲਖਣੀ ਕਰਮ ਨੂੰ ਕਰਨ ਵਲ ਰੁੱਚਤ ਹੋ ਜਾਂਦਾ ਹੈ। ਪਰਬਲ ਰੁਚੀ ਹੋਣ ਕਰਿ ਉਕਤ ਸ਼ੁਭ ਕਰਮ ਨੂੰ ਕਰਨ ਲਗ ਪੈਂਦਾ ਹੈ। ਤਦ ਉਸ ਦੇ ਪਿਛਲੇ ਕਰਮਾਂ ਦਾ ਭੀ ਨਿਬੇੜਾ ਹੋ ਜਾਂਦਾ ਹੈ। ਉਸ ਦੇ ਭੋਗ ਤਾਂ ਅਵੱਸ਼ ਭੋਗਣੇ ਪੈਂਦੇ ਹਨ। ਭੋਗਾਵਨਹਾਰਾ ਛਿਨ ਮਾਤ੍ਰ ਵਿਚਿ ਭੋਗਾਇ ਦਿੰਦਾ ਹੈ। ਜੋ ਪ੍ਰਾਨੀ ਮਾਇਕ ਪਦਾਰਥਾਂ ਦੇ ਲਾਲਚਾਂ ਵਿਚਿ ਲਥ ਪੱਥ ਹੋਇਕੇ ਅਤੇ ਦ੍ਰਿਸ਼ਮਾਨ ਪੰਜ ਭੂਤਕ ਲਹਿਵੇ ਲਾਅਬ ਦੇ ਰਸਾਂ ਕਸਾਂ, ਰੂਪ ਰੰਗਾਂ ਵਿਚਿ ਭੁਲਾਇਮਾਨ ਤੇ ਲੁਭਾਇਮਾਨ ਹੋ ਕੇ ਮਾਨੁਖਾ ਜਾਮੇ ਰੂਪੀ ਰਤਨ ਜਨਮ ਨੂੰ ਰਾਇਗਾਂ (ਬੇ-ਅਰਥ) ਹੀ ਖੋ ਲੈਂਦੇ ਹਨ, ਤਿਨ੍ਹਾਂ ਨੂੰ ਕਰਮ ਸੁਕਰਮ ਕਰਨ ਦੀ ਅਉੜਨੀ ਹੀ ਨਹੀਂ ਅਉੜਦੀ, ਸੂਝ ਬੂਝ ਹੀ ਨਹੀਂ ਆਉਂਦੀ ਜਿਸ ਕਰਕੇ ਇਹ ਰਤਨ ਜਨਮ ਸਕਾਰਥਾ ਹੁੰਦਾ ਹੈ। ਓਹ ਉਸ ਸ੍ਰੇਸ਼ਟ ਸੁਕਰਮ ਨੂੰ ਕਰ ਹੀ ਨਹੀਂ ਸਕਦੇ ਕਿਉਂਕਿ ਉਹਨਾਂ ਨੇ ਪੂਰਬਲੇ (ਅਪਣੇ ਪਿਛਲੇ) ਜਨਮ ਵਿਚਿ ਸੁਕ੍ਰਿਤ ਕਰਮਾਂ


www.AKJ.Org

ਵਾਲਾ ਬੀਜ ਹੀ ਨਹੀਂ ਬੋਇਆ ਹੁੰਦਾ। ਜਿਸ ਕ੍ਰੂਰ ਕਰਮਾਂ ਰੂਪੀ ਮੰਦ ਭਾਗਾਂ ਦੇ ਕਾਰਨ ਨਾ ਓਹਨਾਂ ਨੂੰ ਇਸ ਜਨਮ ਵਿਚਿ ਸਤਿ ਸੰਗਤ ਪ੍ਰਾਪਤਿ ਹੁੰਦੀ ਹੈ ਨਾ ਓਹ ਸੁਕ੍ਰਿਤ ਕਰਨ ਵਾਲੇ ਕਰਮ ਵਿਚਿ ਲਗ ਸਕਦੇ ਹਨ। ਯਥਾ ਗੁਰਵਾਕ :-

ਪ੍ਰਾਨੀ ਕਾਹੇ ਕਉ ਲਭਿ ਲਾਗੇ ਰਤਨ ਜਨਮ ਖੋਇਆ।।
ਪੂਰਬਿ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ।।

ਕਰਮ ਭੂਮੀ ਵਿਚਿ ਜੈਸਾ ਬੀਜ ਪੂਰਬ ਜਨਮਾਂ ਵਿਚਿ ਬੀਜਿਆ ਹੁੰਦਾ ਹੈ ਸੋਈ ਇਸ ਜਨਮ ਵਿਚਿ ਲੁਣਨਾ ਪੈਂਦਾ ਹੈ। ਪਿਛਲੇ ਜਨਮ ਵਿਚਿ ਕੀਤੇ ਕਰਮਾਂ ਦਾ ਲੇਖਾ ਹਰ ਪ੍ਰਾਨੀ ਦੇ ਮਥੇ ਤੇ ਲਿਖਿਆ ਹੁੰਦਾ ਹੈ। ਏਹਨਾਂ ਲੇਖਾਂ ਅਨੁਸਾਰ ਹੀ ਜੋ ਕਰਮ ਅਗੇ ਨੂੰ ਅਗਲੇ ਜਨਮ ਵਿਚਿ ਕਰਨੇ ਹਨ ਸੋ ਭੁਗਤਣੇ ਪੈਂਦੇ ਹਨ। ਪਿਛਲੇ ਜਨਮਾਂ ਦੇ ਮੰਦ ਕਰਮੀ ਪੁਰਸ਼ ਦੀ ਜਮਾਂਦਰੂ ਰੁਚੀ ਹੀ ਮੰਦ ਕਰਮਾਂ ਵਲ ਪਰਵਿਰਤ ਹੁੰਦੀ ਹੈ ਅਤੇ ਜਿਸ ਨੇ ਪਿਛਲੇ ਜਨਮ ਵਿਚਿ ਸੁਕ੍ਰਿਤ ਕਰਮੀ ਸ਼ੁਭ ਕਰਮੀ ਬੀਜ ਬੋਇਆ ਹੁੰਦਾ ਹੈ ਉਸ ਦੀ ਸੁਤੇ ਸ੍ਰਿਸ਼ਟਿ ਮੁਢਿ ਕਦੀਮੀ ਖਸਲਤ ਹੀ ਸੁਚੱਜੇ ਸੁਕਰਮਾਂ ਵਲ ਪਰਬਲ ਕਰ ਕੇ ਪ੍ਰੇਰਤ ਹੁੰਦੀ ਹੈ। "ਜੋ ਧੁਰਿ ਲਿਖਿਆ ਲੇਖੁ ਸੋ ਕਰਮ ਕਰਾਇਸੀ।" ਵਾਲਾ ਗੁਰਵਾਕ ਇਸ ਪ੍ਰਥਾਇ ਠੀਕ ਘਟਦਾ ਹੈ ਅਤੇ ਜਿਸ ਦੇ ਲੇਖ ਵਿਚਿ ਧੁਰੋਂ ਹੀ ਪੂਰਾ ਸੁਕ੍ਰਿਤ ਕਰਮੀ ਲੇਖ ਲਿਖਿਆ ਹੁੰਦਾ ਹੈ ਤਿਨਾ ਵਡ ਭਾਗੀ ਜਨਾ ਨੇ ਹੀ ਇਸ ਜਨਮ ਅੰਦਰਿ ਗੁਰਦੀਖਿਅਤ ਨਾਮ ਧਿਆਇਆ ਹੈ। ਯਥਾ ਗੁਰਵਾਕ:-

ਮਹਲਾ ੩।। ਸਲੋਕ।।

ਜਿਸਨੋ ਕਰਮੁ ਹੋਵੈ ਧੁਰਿ ਪੂਰਾ
ਤਿਨਿ ਗੁਰਮੁਖਿ ਹਰਿਨਾਮ ਧਿਆਇਆ।।"

ਜਿਨਾਂ ਨੂੰ ਧੁਰੋਂ ਹੀ ਸ਼ੁਭ ਕਰਮ ਪ੍ਰਾਪਤਿ ਲਿਖਤ ਭਈ ਹੈ ਤਿਨਾ ਨੂੰ ਹੀ ਇਸ ਜਨਮ ਵਿਖੇ ਨਾਮੁ ਧਿਆਉਣ ਦਾ ਸੁਭਾਗ ਪ੍ਰਾਪਤਿ ਹੁੰਦਾ ਹੈ। ਪਰ ਹੁੰਦਾ ਵਿਰਲੇ ਗੁਰਮੁਖ ਜਨਾ ਨੂੰ ਹੀ ਹੈ। ਪਹਿਲਾਂ ਤਾਂ ਵਡੇ ਭਾਗਾਂ ਕਰ ਕੇ ਮਨੁਖਾ ਜਨਮ ਮਿਲਦਾ ਹੈ ਫੇਰ ਅੱਤ ਵਡੇ ਭਾਗਾਂ ਕਰਕੇ ਗੁਰੂ ਘਰ ਵਿਖੇ ਗੁਰੂ ਨਾਨਕ ਦੇ ਘਰਾਣੇ ਗੁਰ ਸੰਗਤ ਵਿਚ ਨਿਵਾਸ ਹੁੰਦਾ ਹੈ ਅਤੇ ਗੁਰੂ ਦੁਆਰਿਓਂ ਪੰਚਾਮ੍ਰਿਤੀ ਗੁਰਦੀਖਿਆ ਮਿਲਦੀ ਹੈ। ਜਿਸ ਜਿਸ ਵਿਰਲੇ ਜਨ ਨੂੰ ਇਹ ਦਾਤਿ ਮਿਲਦੀ ਹੈ ਉਹ ਗੁਰਮੁਖ ਵਿਰਲਿਆਂ ਦੀ ਸੰਗਤ ਅਤੇ ਪੰਥ ਵਿਚਿ ਆ ਰਲਦਾ ਹੈ। ਐਸੇ ਗੁਰਮੁਖ ਵਿਰਲਿਆਂ ਦਾ ਸਮੂਹ ਹੀ ਖਾਲਸਾ ਪੰਥ ਹੈ। ਬੇਖਾਸ ਤੇ ਬੇਖਾਲਿਸ ਮਲੇਛੀ ਭੇਖੀ ਬੰਦੇ ਜੋ ਨਾਮ ਅਭਿਆਸ ਦੇ ਨੇੜੇ ਨਹੀਂ ਜਾਂਦੇ ਖਾਲਸਾ ਸਦਾਉਣ ਦੇ ਅਧਿਕਾਰੀ ਹੀ ਨਹੀਂ। ਅਜੇਹੇ ਮੰਦ ਕਰਮੀ ਮਲੇਛ ਖਾਲਸੇ ਨੇ ਹੀ ਪੰਥ ਨੂੰ ਬਦਨਾਮ ਕੀਤਾ ਹੈ। ਦਿਨ ਆਵੇਗਾ ਕਿ ਓਹ ਪ੍ਰਸਪਰ ਖਹਿ ਖਹਿ ਕੇ ਹੀ ਖੈ ਹੋ ਜਾਣਗੇ। ਤੱਤ ਨਰੋਤਮੀ ਖਾਲਸਾ ਕੌਮ ਜੁਗੋ ਜੁਗ ਅਟਲ ਅਤੇ ਅਮਰ ਰਹੇਗੀ। ਏਹਨਾਂ ਮਲੇਛ ਕਰਮੀਆਂ ਦੇ ਭੀ ਕੋਈ ਵੱਸ ਦੀ ਗਲ ਨਹੀਂ ਰਹੀ। ਏਹਨਾਂ ਦੀ ਪੂਰਬਲੀ ਲਿਖਤਕਾਰ ਹੀ ਐਸੀ ਹੈ।

'ਸੋ ਸੋ ਕਰਮ ਕਰਤ ਹੈ ਪ੍ਰਾਨੀ ਜੈਸੀ ਤੁਮ ਲਿਖ ਪਾਈ।।' ਗੁਰਵਾਕ ਦੇ ਭਾਵ ਅਨੁਸਾਰ ਹਰੇਕ ਪ੍ਰਾਨੀ ਨੂੰ ਅਵੱਸ਼ ਓਹ ਕਰਮ ਕਰਨੇ ਬਣਦੇ ਹਨ ਜੈਸੀ ਕਿ ਕਿਰਤ ਕਰਮ ਰੇਖਾ ਕਰਤੇ ਨੇ ਧੁਰੋਂ ਲਿਖ ਪਾਈ ਹੈ। ਪ੍ਰੰਤੂ ਏਹਨਾਂ ਕਰਮ ਰੇਖਨੀ ਮਲੇਛ ਕਰਮਾਂ ਦੇ ਓਹਨਾਂ ਨੂੰ ਜਵਾਬ ਦੇਹ ਜ਼ਰੂਰ ਹੋਣਾ ਪਵੇਗਾ।

ਸਰਬ ਜੀਆਂ ਸਿਰਿ ਲੇਖ ਧੁਰ ਤੋਂ ਹੀ ਲਿਖੇ ਹੋਏ ਹਨ। ਲੇਖੇ ਬਿਨਾ ਕੋਈ ਭੀ ਪ੍ਰਾਨੀ ਇਸ ਧਿਤਾਰ ਤੋਂ ਮੁਸਤਿਸਨਾ ਨਹੀਂ। ਸਭ ਹੀ ਲੇਖੇ ਅੰਦਰਿ ਹਨ। ਕੇਵਲ ਕਰਤਾ ਪੁਰਬ ਅਲੇਖ ਹੈ। ਆਪਿ ਇਹ ਕਰਤਾ ਪੁਰਖ ਕੁਦਰਤ ਰਚ ਰਚ ਕੇ ਚਰਾਚਰ ਜੀਵਾਂ ਦੇ ਲੇਖ ਸੁਲੇਖ ਤੇ ਕੁਲੇਖ ਵੀਚਾਰਦਾ ਹੈ ਅਤੇ ਖੁਦ ਅਲੇਖ ਹੀ ਰਹਿੰਦਾ ਹੈ। ਲੇਖ ਰਹਿਤ ਹੈ ਤਾਂ ਕੁਦਰਤ ਦਾ ਕਰਨਹਾਰ (ਰਚਨਹਾਰ) ਕਰਤਾ ਪੁਰਖ ਹੀ ਹੈ ਜੋ ਨਾ ਸਿਰਫ ਕੁਦਰਤਿ ਨੂੰ ਰਚ ਰਚ ਕੇ ਹੀ ਦੇਖਦਾ ਹੈ ਬਲਕਿ ਕੁਦਰਤ ਦੇ ਕਾਦਰ ਕਰਤੇ ਪੁਰਖ ਨੂੰ ਪੂਰਾ ਮਕਦੂਰ ਹੈ ਕਿ ਆਪਣੀ ਕੀਤੀ (ਰਚੀ) ਕੁਦਰਤ ਦੇ ਜੀਵਾਂ ਦੇ ਮੁਕੱਦਰ ਅਨੁਸਾਰ ਸਾਰੀ ਕਾਇਨਾਤ ਨੂੰ ਆਪਣੇ ਹੁਕਮ ਅੰਦਰਿ ਚਲਾਏ। ਜੈਸਾ ਕਿ ਗੁਰਵਾਕ ਹੈ :- ਸੋਰਠ ਮਹਲਾ ੧।।

ਸਰਬ ਜੀਆ ਸਿਰਿ ਲੇਖ ਧੁਰਾਹੂ
ਬਿਨੁ ਲੇਖੈ ਨਹੀਂ ਕੋਈ ਜੀਉ।।
ਆਪਿ ਅਲੇਖ ਕੁਦਰਤਿ ਕਰਿ ਦੇਖੈ
ਹੁਕਮ ਚਲਾਏ ਸੋਈ ਜੀਉ।।.........੫।।੧੧।।

ਹੁਕਮ ਰਜਾਈ ਕਰਤੇ ਦੇ ਹੁਕਮ ਰਜ਼ਾ ਅਨੁਸਾਰ ਜਿਸ ਪ੍ਰਾਨੀ ਦਾ ਪੂਰਬਲਾ ਕਰਮੁ ਭਲਾ ਪੱਨੇ ਪਿਆ ਹੁੰਦਾ ਹੈ, ਤਿਸ ਨੂੰ ਗੁਰਮੁਖ ਸਾਧ ਜਨਾਂ ਦੀ ਸੰਗਤ ਵਿਚਿ ਪ੍ਰਾਰਭਧੀ ਬਿਸਰਾਮ ਮਿਲਦਾ ਹੈ। ਸੋ ਸਦਾ ਹੀ ਸੰਤਾਂ ਭਗਤਾਂ ਕੀਰਤਨੀ ਜਨਾਂ ਦਾ ਪਲਾ ਫੜੀ ਰਖਦੇ ਹਨ। ਤਿਨਾ ਦੀ ਓਟ ਆਸਰੇ ਰੂਪੀ ਸੰਗਤ ਨੂੰ ਉਹ ਸਦਾ ਸਹਾਈ ਜਾਣਦੇ ਹਨ। ਤਾਂ ਤੇ ਜਿਥੇ ਭੀ ਨਿਰਬਾਨ ਕੀਰਤਨੀ ਗੁਰਮੁਖ ਸਾਧ ਜਨਾ ਦੀ ਇਕਤਰਤਾ ਹੁੰਦੀ ਹੈ ਤਿਥੇ ਓਹ ਧਾ


www.AKJ.Org

ਕੇ ਜਾਂਦੇ ਹਨ। ਅਤੇ ਸਚੇ ਹਰਿ ਜਸ ਦਾ ਸਚਾ ਲਾਹਾ ਲੈਂਦੇ ਹਨ। ਐਸੇ ਨਿਰਬਾਣ ਨਾਦ ਅਨਾਹਦੀ ਕੀਰਤਨ ਧੁਨੀਆਂ ਵਾਲੀ ਸੰਤ ਸਮਾਗਮੀ ਗੁਰਮੁਖ ਸੰਗਤ ਵਿਚ ਜਾਣ ਅਤੇ ਰਹਿਣ ਕਰਿ ਤਿਨਾ ਦੇ ਜਨਮ ਜਨਮਾਤ੍ਰਾਂ ਦੇ ਜਮ ਸੰਤਾਪ ਮਿਟ ਜਾਂਦੇ ਹਨ। ਯਥਾ ਗੁਰਵਾਕ :-

**ਜਹ ਸਾਧ ਸੰਤਨ ਹੋਵਹਿ ਇਕਤ੍ਰ।।**
**ਤਹ ਹਰਿ ਜਸ ਗਾਵਹਿ ਨਾਦਕਬਿਤ।।**
**ਸਾਧ ਸਭਾ ਮਹਿ ਅਨਦ ਬਿਸ੍ਰਾਮ।।**
**ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ।।੪।।੨।।੨੩।।**
(ਧਨਾਸਰੀ ਮਹਲਾ ੫।।)

**ਤਥਾ- ਜਾ ਕੇ ਰੇ ਕਰਮ ਭਲਾ**
**ਤਿਨ ਓਟ ਗਹੀ ਸੰਤ ਪਲਾ।।**
**ਤਿਨ ਨਾਹੀ ਰੇ ਜਮੁ ਸੰਤਾਵ**
**ਸਾਧੂ ਕੀ ਸੰਗਨਾ।।੨।।੨।।੩੦।।** (ਧਨਾਸਰੀ ਮਹਲਾ ੫।।)

ਧੁਰੋਂ ਹੀ ਜਿਨਾ ਦੇ ਕਰਮ ਵਿਚ ਪੂਰਬਲੇ ਜਨਮ ਦਾ ਲਿਖਿਆ ਹੋਇਆ ਹੈ ਤਿਨਾ ਨੂੰ ਹੀ ਗੁਰਮਤਿ ਨਾਮ ਮਈ ਸਾਚ (ਸਚ ਪਦਾਰਥ) ਦੀ ਸਿਖਿਆ ਗੁਰਮੰਤ੍ਰ ਗੁਰ ਦੀਖਿਆ ਗੁਰੂ ਘਰ ਦੀ ਸਾਧ ਸੰਗਤਿ ਵਿਚੋਂ ਪ੍ਰਾਪਤਿ ਹੁੰਦੀ ਹੈ। ਤਿਨਾ ਦੀ ਜਮ ਫਾਸ ਕਟੀ ਜਾਣ (ਕਟੇ ਜਾਣ) ਦਾ ਮੂਲ ਬੱਝ ਜਾਂਦਾ ਹੈ। ਯਥਾ ਗੁਰਵਾਕ :-

**ਧੁਰਿ ਕਰਮ ਲਿਖਿਆ ਸਾਚੁ ਸਿਖਿਆ**
**ਕਟੀ ਜਮ ਕੀ ਫਾਸ ਏ।।੪।।੧।।** (ਧਨਾਸਰੀ ਮਹਲਾ ੫।।)

ਗੁਰੂ ਘਰ ਦੇ ਵਿਰਲੇ ਕਰਮ ਜੋਗਸਿਰਾਂ ਗੁਰਮੁਖ ਭਗਤ ਜਨ ਅਭਿਆਸੀ ਜਨਾਂ ਤੋਂ ਬਿਨਾਂ ਇਹ ਸਾਰਾ ਚਲਣਹਾਰਾ ਅਸਾਰ ਸੰਸਾਰ ਗਰਬ ਗੁਮਾਨ ਦਾ ਹੀ ਅਟਿਆ ਹੋਇਆ ਹੈ। ਇਸ ਗਰਬ ਹੰਕਾਰ ਦੇ ਅੱਟੇ ਹੋਏ ਸਭ ਸੰਸਾਰੀ ਨਰ ਨਾਰੀ ਮਾਇਆ ਦੇ ਰੰਗ ਕੁਰੰਗ ਵਿਚਿ ਰੱਟੇ ਕੁਰੱਟੇ (ਰਚੇ ਪਚੇ) ਹੋਏ ਅਨੇਕਾਂ ਹੀ ਪਾਪ ਕਰਮ ਕਮਾਉਂਦੇ ਹਨ। ਅਤੇ ਅੰਨ੍ਹੇ ਵਾਹ ਕਮਾਈ ਹੀ ਚਲੇ ਜਾਂਦੇ ਹਨ। ਅਹਿਨਿਸ ਇਹ ਅੰਧਲੇ ਕਰਮ ਕਮਾਉਂਦੇ ਹੋਏ ਲੋਭ ਮੋਹ ਅਭਿਮਾਨ ਵਿਚਿ ਡੁਬੇ ਰਹਿੰਦੇ ਹਨ। ਐਸੇ ਖਲਤ ਮਲਤ ਰਹਿੰਦੇ ਹਨ ਕਿ ਉਹਨਾਂ ਨੂੰ ਕਦੇ ਨਿਮਖ ਮਾਤਰ ਭੀ ਮਰਨਾ ਚਿਤ ਵਿਚਿ ਨਹੀਂ ਆਉਂਦਾ। ਜੇ ਮਰਨਾ ਚਿਤ ਆਵੇ, ਕਦੇ ਚੇਤੇ ਆ ਜਾਵੇ ਤਾਂ ਓਹ ਪਾਪ ਕਰਮ ਤੋਂ ਕਦੇ ਤਾਂ ਸੰਕੋਚ ਕਰਨ। ਓਹਨਾਂ ਦੀ ਅਹਿਨਿਸ ਪੁਤਰ ਕਲਿਤਰ ਮਿਤ੍ਰਾਂ ਦੇ ਮੋਹ ਮਮਤਾ ਦੇ ਬਿਉਹਾਰਾਂ ਵਿਚਿ ਹੀ ਵਿਹਾਉਂਦੀ ਹੈ। ਸਾਰੀ ਅਵਰਦਾ ਵਿਹਾ ਜਾਂਦੀ ਹੈ। ਓਦੋਂ ਹੀ ਪਤਾ ਲਗਦਾ ਹੈ, ਜਦੋਂ ਅਉਧ ਪੁਜ ਖੜੋਂਦੀ ਹੈ। ਗਿਣਤੀ ਦੇ ਲਿਖੇ ਦਿਨ ਕਾਲ ਦੇ ਆਯੂ ਦੇ ਮੁਕ ਜਾਣ ਤੇ ਸਿਰ ਤੇ ਆ ਖੜੋਂਦੇ ਹਨ ਅਤੇ ਧਰਮ ਰਾਇ ਦੇ ਦੁਖ ਦਾਤੇ ਦੂਤ ਜਮ ਆ ਮੂੰਹ ਦਿਖਾਉਂਦੇ ਹਨ। ਜੋ ਭਰਮ ਮਾਤਰ ਭੀ ਕਦੇ ਚਿਤ ਚੇਤੇ ਨਹੀਂ ਸਨ ਹੁੰਦੇ। ਬਸ, ਪਾਪਾਂ ਦੀ ਖੇਪ ਲੱਦਕੇ ਚਲੇ ਜਾਂਦੇ ਹਨ ਨਾਮ ਧਨ ਖਟਣ ਦੀ ਉਹਨਾਂ ਦੇ ਭਾਗਾਂ ਵਿਚਿ ਰੇਖਾ ਹੀ ਨਹੀਂ ਲਿਖੀ ਹੁੰਦੀ। ਕਿਰਤ ਕਰਮ ਪਿਛਲੇ ਜਮਨ ਦਾ ਮਿਟਦਾ ਨਹੀਂ। ਯਥਾ ਗੁਰਵਾਕ:-

**ਪਾਧਾਣੂ ਸੰਸਾਰੁ ਗਾਰਬਿ ਅਟਿਆ।।**
**ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ।।**
**ਲੋਭ ਮੋਹਿ ਅਭਿਮਾਨ ਬੂਡੇ ਮਰਣੁ ਚੀਤਿ ਨ ਆਵਏ।।**
**ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ।।**
**ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ।।**
**ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮੁ ਧਨੁ ਨਹੀ ਖਟਿਆ।।** (ਜੈਤਸਰੀ ਮਹਲਾ ੫।।)

ਜੇਹੜੇ ਕਰਮ ਪੂਰਬਲੇ ਜਨਮ ਦੇ ਧੁਰਿ ਲਿਖ ਪਾਏ ਹਨ। ਸੋ ਇਸ ਜਨਮ ਵਿਚਿ ਕਰਨੇ ਪੈਂਦੇ ਹਨ। ਇਹ ਧੁਰਿ ਲਿਖਤ ਕਰਮ ਹਨ। ਇਹ ਜ਼ਰੂਰ ਕਰਮਾਂ ਦੀ ਸ਼ਕਲ ਵਿਚਿ ਭੁਗਤਣੇ ਬਣਦੇ ਹਨ, ਜੇਹਾ ਜਨਮ ਮਿਲੇਗਾ ਤਿਸੇ ਜਨਮ ਵਾਲੇ ਕਰਮ, ਕਰਮ ਬਿਧਾਤੇ ਵਲੋਂ ਧੁਰਿ ਲਿਖ ਪਾਏ ਕਰਮ ਅਵਸ਼ ਕਰਨੇ ਪੈਣਗੇ। ਪਿਛਲੇ ਜਨਮ ਦੇ ਕਰਮਾਂ ਦੀ ਸਜ਼ਾ ਸਜ਼ਾ ਵਲੋਂ ਜਿਸ ਪ੍ਰਾਨੀ ਨੂੰ ਚੰਡਾਲਾਂ ਦੇ ਘਰਿ ਜਨਮ ਮਿਲਿਆ ਹੈ, ਉਸ ਨੂੰ ਇਸ ਚੰਡਾਲ ਜਨਮ ਵਾਲੇ ਚੰਡਾਲ ਕਰਮ ਭੁਗਤ ਜਜ਼ਕਤੀ ਕਰਮ ਕਮਾਉਣੇ ਪੈਣਗੇ।

**ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਾਤਾ।।**

ਪਰਾ ਪੂਰਬਲੀ ਲਿਖਤ ਅਨੁਸਾਰ ਕਿਸੇ ਪੂਰਬਲੇ ਸ਼ੁਭ ਕਰਮ ਦਾ ਫਲ ਅੰਕੂਰ ਇਸ ਜਨਮ ਵਿਚਿ ਇਹ ਸਫੁਟ ਹੁੰਦਾ ਹੈ ਕਿ ਉਸ ਦਾ ਸਤਿਸੰਗ ਵਿਚਿ ਵਾਸਾ ਆ ਹੁੰਦਾ ਹੈ। ਜਿਸ ਕਾਰਨ ਉਸਦੀਆਂ ਸਾਰੀਆਂ ਪਰਮਾਰਥੀ ਆਸਾਂ ਪੂਰਨ ਹੋ ਜਾਂਦੀਆਂ ਹਨ। ਯਥਾ ਗੁਰਵਾਕ :-

**ਪਰਾ ਪੂਰਬਲਾ ਲੀਖਿਆ ਮਿਲਿਆ ਅਬ ਆਇ।।**
**ਬਸਤ ਸੰਗਿ ਹਰਿ ਸਾਧ ਕੇ ਪੂਰਨ ਆਸਾਇ।।**
(ਬਿ: ਮ: ੫।।)

ਪਿਛਲੇ ਪੂਰਬਲੇ ਜਨਮ ਦੇ ਪਰਬਲ ਸ਼ੁਭ ਕਰਮ ਫਲ ਅੰਕੂਰੀ ਕਰਮਾਂ ਦਾ ਸਦਕਾ ਅਗਲੇ ਜਨਮ ਵਿਚਿ ਗੁਰੂ ਘਰ ਵਿਖੇ ਜਨਮ ਮਿਲ ਕੇ ਅਰ ਗੁਰੂ ਕੀ ਸਾਧ ਸੰਗਤ ਵਿਚਿ ਵਾਸਾ ਹੋਣ ਕਰਕੇ ਗੁਰ ਸਤਿਗੁਰ ਨਾਨਕ ਗੁਰੂ ਦਸਮੇਸ਼ ਦੇ ਸਿਖ ਬਣਨ ਦੀ ਦਾਤਿ ਮਿਲਦੀ ਹੈ


www.AKJ.Org

ਅਤੇ ਇਸ ਬਿਧਿ ਨਿਗੁਰਿਓਂ ਸਗੁਰੇ ਹੋ ਕੇ ਗੁਰ ਦੀਖਿਅਤ ਗੁਰਮਤਿ ਨਾਮ ਗੁਰਮੰਤ੍ਰ ਦੀਆਂ ਅਭਿਆਸ ਕਮਾਈਆਂ ਦਾ ਪਾਤ੍ਰ ਬਣੀਦਾ ਹੈ ਅਤੇ ਇਤਿ ਬਿਧਿ ਕੇਵਲ ਇਤਿ ਬਿਧਿ ਹੀ ਨਾਮ ਧਿਆਇ ਸਕੀਦਾ ਹੈ। ਅਜੇਹੇ ਅਹਿਨਿਸ ਨਾਮ ਧਿਆਇਨੀ ਨਾਮ ਰਤੇ ਜਨ ਸਦਾ ਸੁਖ ਪ੍ਰਾਪਤੀ ਦਾ ਸੁਭਾਗ ਭੁੰਚਦੇ ਹਨ। ਅਜੇਹੇ ਨਾਮ ਸੁਖ ਸੁਭਾਗੀ ਜਨਾਂ ਵਿਟਹੁੰ ਗੁਰੂ ਨਾਨਕ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ। ਯਥਾ ਗੁਰਵਾਕ :- ਮਹਲਾ ੩।। ਸਲੋਕ।।

ਕਰਮੀ ਸਤਿਗੁਰ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ।।......
ਜਿਸ ਕਰਮੁ ਹੋਵੈ ਤਿਸੁ ਸਤਿਗੁਰੁ ਮਿਲੈ
ਸੋ ਹਰਿ ਹਰਿ ਨਾਮੁ ਧਿਆਏ।।
ਨਾਮ ਰਤੇ ਜਨ ਸਦਾ ਸੁਖੁ ਪਾਇਨਿ
ਜਨ ਨਾਨਕ ਤਿਨ ਬਲਿ ਜਾਏ।।

(ਬਿਲਾਵਲ ਕੀ ਵਾਰ ਮਹਲਾ ੪।।)

ਗੁਰੂ ਘਰ ਦੀ ਸੰਗਤ ਪ੍ਰਾਪਤਿ ਹੋਣ ਕਰਿ ਅਤੇ ਗੁਰਮੁਖ ਸਿਖ ਸਜਣ ਪਰਿ ਹੀ ਨਿਤਾ ਪ੍ਰਤਿ ਹਰਿ ਗੁਣ ਗਾਉਣ ਦਾ ਅਤੇ ਹਰਿ ਗੁਣ ਗਾਕੇ ਰਸਨਾ ਪਵਿਤ੍ਰ ਕਰਨ ਦਾ ਸੁਭਾਗ ਤਿੰਨਾਂ ਨੂੰ ਹੀ ਮਿਲਦਾ ਹੈ ਜਿਨਾਂ ਦਾ ਕੋਇ ਪਰਾ ਪੂਰਬਲਾ ਕਰਮੁ ਬਣਿ ਆਇਆ ਤੇ ਜਾਗਿਆ ਹੈ। ਯਥਾ ਗੁਰਵਾਕ :-

ਪਰਾ ਪੂਰਬਲਾ ਕਰਮੁ ਬਣਿ ਆਇਆ।।
ਹਰਿ ਕੇ ਗੁਣ ਨਿਤ ਰਸਨਾ ਗਾਇਆ।। (ਰਾਮਕਲੀ ਮ: ੫।।)

ਇਹ ਜਨਮ ਪਾ ਕੇ ਮਾਨੁਖਾ ਸਰੀਰ ਜਾਮਾ ਧਾਰਕੇ ਜੋ ਮਾਨੁਖ ਜਾਮਾਵੰਤ ਜੀਉ ਨੂੰ ਸਰੀਰ ਰਚਨਹਾਰੇ ਕਰਤੇ ਪੁਰਖ ਵਾਹਿਗੁਰੂ ਦੇ ਨਾਮ ਨੂੰ ਮਨ ਵਿਚਿ ਨਹੀਂ ਵਸਾਉਂਦੇ ਏਹ ਸਰੀਰ ਧਾਰਕੇ ਓਹਨਾਂ ਦੇ ਹੋਰ ਕਰਮ ਕਮਾਵਣੇ ਕਿਸੇ ਲੇਖੇ ਨਹੀਂ। ਓਹਨਾਂ ਦਾ ਇਸ ਜਗ ਵਿਚਿ ਆਉਣਾ ਮਨੁਖਾ ਜਾਮਾ ਧਾਰਕੇ ਆਉਣਾ ਹੀ ਬਿਰਥਾ ਹੈ। ਨਾ ਆਉਣ ਦੇ ਬਰਾਬਰ ਹੈ। ਤਿਨ੍ਹਾਂ ਦਾ ਆਉਣਾ ਹੀ ਸਫਲ ਹੈ ਜਿਨ੍ਹਾਂ ਦੇ ਹਿਰਦੇ ਵਿਚਿ ਵਾਹਿਗੁਰੂ ਨਾਮ ਵਸਦਾ ਹੈ। ਪਰ ਤਿਨਾਂ ਦੇ ਮਨ ਵਿਚਿ ਹੀ ਵਸਦਾ ਹੈ, ਜਿਨਾ ਨੇ ਪੂਰਨ ਗੁਰਮਤਿ ਅਨੁਸਾਰ ਸਤਿਗੁਰੂ ਦੇ ਸਿਖ ਬਣ ਕੇ ਗੁਰੂ ਦੁਆਰਿਓਂ ਗੁਰਮੰਤ੍ਰ ਗੁਰਦੀਖਿਆ ਪ੍ਰਾਪਤਿ ਕੀਤੀ ਹੈ। ਗੁਰਦੀਖਿਆ ਰੂਪੀ ਗੁਰਮੰਤ੍ਰ ਤਿਨਾ ਨੂੰ ਹੀ ਪ੍ਰਾਪਤਿ ਹੁੰਦਾ ਹੈ ਜੋ ਸਤਿਗੁਰ ਦੀ ਕ੍ਰਿਪਾ ਪਰਸਾਦ ਦੇ ਪਾਤਰ ਬਣਦੇ ਹਨ। ਪਰਸਾਦੀ ਸਤਿਗੁਰੂ ਦਾ ਕਿਰਪਾ ਪਰਸਾਦ ਪੂਰਬ ਲਿਖਤੀ ਕਰਮਾਂ ਦੇ ਪ੍ਰਭਾਵ ਕਰਕੇ ਹੀ ਪਾਈਦਾ ਹੈ। ਤਿਨਾਂ ਦੇ ਮਾਨੁਖਾ ਜਾਮੇ ਸਰੀਰ ਦੀ ਜਨਮ ਯਾਤ੍ਰਾ ਪਰਵਾਣ ਹੁੰਦੀ ਹੈ ਜਿਨਾਂ ਦਾ ਚਿਤ ਜਿਨਾ ਦੀ ਮਾਨਸਕ ਰੁਚੀ ਅਹਿਨਿਸ ਗੁਰੂ ਕਰਤਾਰ ਦੇ ਚਰਨਾਂ ਨਾਲਿ ਜੁੜਤ ਹੈ ਏਸੇ ਪ੍ਰਥਾਇ ਹੀ ਸਰੀਰ ਨੂੰ ਸਨਮੁਖ ਕਰਕੇ ਇਹ ਗੁਰਵਾਕ ਉਚਾਰਣਤ ਹੁੰਦਾ ਹੈ :-

ਏ ਸਰੀਰਾ ਮੇਰਿਆ ਇਸ ਜਗ ਮਹਿ ਆਇਕੈ
ਕਿਆ ਤੁਧੁ ਕਰਮ ਕਮਾਇਆ।।
ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ।।
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ
ਹਰਿ ਮਨਿ ਨ ਵਸਾਇਆ।।
ਗੁਰਪ੍ਰਸਾਦੀ ਹਰਿ ਮਨਿ ਵਸਿਆ
ਪੂਰਬਿ ਲਿਖਿਆ ਪਾਇਆ।।
ਕਹੈ ਨਾਨਕ ਇਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ।।

(ਰਾਮਕਲੀ ਮ: ੩ ਅਨੰਦੁ)

ਅਜੇਹੇ ਪੂਰਬ ਕਰਮ ਬੰਧਨੀ ਪ੍ਰਾਨੀਆਂ ਦਾ ਬਿਪਰਜੇ ਕਰਮ ਕਮਾਵੰਦਿਆਂ ਧੰਦੇ ਧਾਵੰਦਿਆਂ ਹੀ ਸਾਰਾ ਦਿਨ ਜਾਂਦਾ ਹੈ ਅਤੇ ਉਹ ਸੋਵੰਦਿਆਂ ਹੀ ਸਾਰੀ ਰੈਣ ਗਵਾ ਜਾਂਦੇ ਹਨ। ਓਹ ਕੂੜ ਕੁੱਸਤ ਕੁਕਰਮਾਂ ਦੇ ਕਰਨ ਵਿਚਿ ਕੂੜੁ ਬੋਲਿ ਬੋਲਿ ਹੀ ਬਿਖ ਮਾਇਆ ਦੇ ਜ਼ਹਿਰੀਲੇ ਰਤੂ ਗ੍ਰਾਸ ਘੁਟ ਖਾਂਦੇ ਪੀਂਦੇ ਰਹਿੰਦੇ ਹਨ। ਸਾਰੀ ਆਯੂ ਏਵੇਂ ਹੀ ਬਿਤਾਇਕੈ ਅਜੇਹੇ ਮਨਮੁਖ ਇਸ ਜਗਤ ਸੰਸਾਰ ਤੋਂ ਰੋਂਦੇ ਹੀ ਚਲੇ ਜਾਂਦੇ ਹਨ ਅਗਾਹਾਂ ਭੀ ਰੋਣ ਕਰਲਾਣ ਓਹਨਾਂ ਦਾ ਮੁਕਦਾ ਨਹੀਂ ਕਿਉਂਕਿ ਉਹਨਾਂ ਦੇ ਸਿਰਾਂ ਤੇ ਜਮ ਦਾ ਕਰਾਰਾ ਡੰਡਾ ਪੈਂਦਾ ਹੈ। ਧੁਰਿ ਜਮ ਡੰਡੇ ਦਾ ਡੰਡ (ਡੰਨ) ਓਹਨਾਂ ਨੂੰ ਖਿਨ ਖਿਨ ਸਹਿਣਾ ਪੈਂਦਾ ਹੈ। ਧੁਰਿ ਧਰਮ ਰਾਏ ਦੀ ਦਰਗਾਹ ਤਾਂਈ ਡੰਡੇ ਪੈਂਦੇ ਹੀ ਚਲੇ ਜਾਂਦੇ ਹਨ। ਇਸ ਕਰਕੇ ਧੁਰ ਦਰਗਾਹੇ ਭੀ ਓਹਨਾਂ ਦੀ ਪਤਿ ਪਰਤਿਸ਼ਟਾ ਨਹੀਂ ਰਹਿੰਦੀ। ਸਾਰੀ ਖੋਈ ਜਾਂਦੀ ਹੈ। ਵਾਹਿਗੁਰੂ ਦਾ ਨਾਮ ਛਡ ਕੇ ਦੂਜੇ ਭਾਇ ਦੇ ਕਰਮਾਂ ਵਿਚਿ ਖਚਤ ਰਹਿਣ ਦੀ ਸਗੋਂ ਦੂਣ ਸਵਾਈ ਸਜਾ ਮਿਲਦੀ ਹੈ। ਵਾਹਿਗੁਰੂ ਦਾ ਨਾਮ ਓਹਨਾਂ ਨੇ ਕਦੇ ਭੀ ਨਿਮਖ ਮਾਤਰ ਚੇਤਿਆ ਨਹੀਂ ਹੁੰਦਾ। ਇਸ ਪ੍ਰਕਾਰ ਸੱਟਾਂ ਸਜਾਈ ਖਾਂਦੇ ਚੁਰਾਸੀ ਦੇ ਆਵਾਗਵਣੀ ਗੇੜ ਵਿਚਿ ਹੀ ਪਏ ਰਹਿੰਦੇ ਹਨ। ਸਤਿਗੁਰੂ ਦੀ ਕਿਰਪਾ ਹੋ ਜਾਏ ਤਾਂ ਓਹ ਸਿਧੇ ਮਾਰਗ ਤੇ ਗੁਰਮਤਿ ਮਾਰਗ ਤੇ ਪੈ ਜਾਣ ਅਤੇ ਨਾਮ ਜਪਣ ਲਗ ਜਾਣ। ਐਸੀ ਜਪਣੀ ਜਪਣ ਕਿ ਨਾਮੀ ਵਾਹਿਗੁਰੂ ਓਹਨਾਂ ਦੇ ਮਨ ਵਿਚਿ ਵਸਿ ਜਾਵੇ


www.AKJ.Org

ਤਾਂ ਓਹ ਜਮ ਡੰਡ ਦੀ ਮਾਰ ਤੋਂ ਬਚ ਸਕਦੇ ਹਨ। ਜਮਾਂ ਦੀ ਮਾਰ ਤੋਂ ਬਚਾਵਾ ਆਵਾਗਉਣ ਤੋਂ ਛੁਟਾਵਾ ਅਤੇ ਨਾਮ ਨਾਮੀ ਨਾਲਿ ਸਹਜ ਮਿਲਾਵਾ ਇਹ ਸਭ ਪੂਰਬਲੇ ਕਰਮਾਂ ਕਰਕੇ ਹੈ :-

ਯਥਾ ਗੁਰਵਾਕ :-

ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ।।
ਕੂੜੁ ਬੋਲਿ ਬਿਖੁ ਖਾਇਆ ਮਨਮੁਖ ਚਲਿਆ ਰੋਇ ।।
ਸਿਰੈ ਊਪਰ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ ।।
ਹਰਿ ਨਾਮੁ ਕਦੇ ਨ ਚੇਤਿਓ ਫਿਰਿ ਆਵਣ ਜਾਣਾ ਹੋਇ ।।
ਗੁਰ ਪ੍ਰਸਾਦੀ ਹਰਿ ਮਨਿ ਵਸੈ ਜਮ ਡੰਡੁ ਨ ਕੋਇ ।।
ਨਾਨਕ ਸਹਜੇ ਮਿਲਿ ਰਹੈ ਕਰਮ ਪ੍ਰਾਪਤਿ ਹੋਇ।।

(ਰਾਮਕਲੀ ਕੀ ਵਾਰ ਮਹਲਾ ੩)

ਪਰਬਲੇ ਜਨਮਾਂ ਦੇ ਲੇਖ ਕੁਲੇਖ ਕਦੇ ਮਿਟਦੇ ਨਹੀ। ਨਾਹੀ ਜਨਮ ਮਰਨ ਦਾ ਸਿਲਸਿਲਾ ਹਟਦਾ ਹੈ। ਕੁਕਰਮ ਕਰਨੇ ਹਟੇ ਤਾਂ ਇਹ ਸਿਲਸਿਲਾ ਭੀ ਮਿਟੇ । ਪਰ ਹਟ ਸਕਦਾ ਨਹੀ ,ਦੋਸ਼ ਤਾਂ ਕਰਮਾਂ ਆਪਣਿਆਂ ਦਾ ਹੁੰਦਾ ਹੈ ਪਰ ਦੋਸ਼ ਹੋਰਨਾਂ ਨੂੰ ਦਿੰਦਾ ਹੈ । ਮੰਦੇ ਕਰਮ ਕਰਤਬ ਦਾ ਉਲਾਂਭਾ ਦੂਜਿਆਂ ਤੇ ਦਿੰਦਾ ਅਤੇ ਆਪ ਬਰੀਉਲ ਜੁਮਾ ਰਹਿੰਦਾ ਹੈ । ਹੋਰ ਕਿਸੇ ਆਪਣੇ ਸਰੀਕ ਉਤੇ ਉਲਾਂਭਾ ਦੇਣ ਦਾ ਜੋਰਖਨਾ ਨਾ ਮਿਲ ਸਕੇ ਤਾਂ ਉਸ ਦਾ ਦੋਸ਼ ਕਰਨ ਕਰਾਵਨਹਾਰ ਤੇ ਲਾਂਉਦਾ ਹੈ ।ਆਪਣੇ ਤੇ ਨਹੀ ਲਾਂਉਦਾ ਕਰਨਹਾਰ ਕਰਮ ਬਿਧਤਾ ਕਰਤਾਰ ਤਾਂ ਕੀਤੇ ਮਰਮਾਂ ਦਾ ਫਲ ਭੁਗਤਾਉਂਦਾ ਹੈ ਅਤੇ ਕੁਕਰਮਾਂ ਦੀ ਸ਼ਕਲ ਵਿਚ ਭੁਗਤਾਂਉਂਦਾ ਹੈ। ਪਿਛਲਾ ਲੇਖ ਮਿਟਦਾ ਨਹੀ, ਓਹ ਹੋਰ ਕੁਕਰਮ ਕਰ ਕੇ ਅਗਾਹਾਂ ਦਾ ਲੇਖ ਭੀ ਵਧਾ ਲੈਂਦਾ ਹੈ । ਰੋਸ ਦੋਸ ਭਲਾ ਹੋਰ ਕਿਸਦਾ ।

ਯਥਾ ਗੁਰਵਾਕ :-

ਪੂਰਬ ਜਨਮ ਕੇ ਲੇਖ ਨ ਮਿਟਈ
ਮਰੈ ਕਾ ਕਉ ਦੋਸੁ ਧਰੈ (ਮਾਰੂ ਮਹਲਾ ੧)

— — — — —

ਖਾਣ ਲਈ ਮਾਸ ਦੀ ਪ੍ਰਾਪਤੀ ਜੀਵ ਨੂੰ ਜਾਨੋਂ ਮਾਰਨ ਦੀ ਹੱਤਿਆ ਕਮਾਏ ਬਿਨਾਂ ਕਦਾਚਿਤ ਨਹੀਂ ਹੋ ਸਕਦੀ, ਜੇ ਕਹੋ, ਬਣਿਆ ਬਣਾਇਆ ਮਾਸ ਕਸਾਈ ਤੋਂ ਮਿਲ ਸਕਦਾ ਹੈ ਤਾਂ ਅਜਿਹੇ ਪ੍ਰਾਪਤ ਕੀਤੇ ਮਾਸ ਦਾ ਨਾਉਂ ਪ੍ਰਿਥਮ ਦਾ ਮੁਰਦਾਰ ਹੈ, ਜਿਸ ਦਾ ਖਾਣਾ ਵਿਸ਼ੇਸ਼ ਕਰਕੇ ਸਾਡੇ ਝਟਕਾ-ਛਕੀਏ ਸਦਾਉਣ ਵਾਲਿਆਂ ਲਈ ਅਤਯੰਤ ਹੀ ਸ਼ਰਮ ਅਤੇ ਮੁਰਦਾਪਣ ਦੀ ਗੱਲ ਹੈ। ਦੂਸਰੇ ਅਜਿਹੇ ਸੁਖੈਨ ਪ੍ਰਾਪਤ ਹੋਇਆ ਮਾਸ (ਮੁਰਦਾਰ) ਖਾਣ ਵਾਲੇ ਭਰਾ ਏਸ ਗੱਲੋਂ ਭੀ ਅਵੇਸਲੇ ਨਾ ਰਹਿਣ ਕਿ ਏਸ ਮਾਸ ਖਾਣ ਨਾਲ ਹੱਤਿਆ ਦਾ ਦੂਸ਼ਨ ਉਨ੍ਹਾਂ ਉਤੇ ਨਹੀਂ ਲਗਦਾ, ਕਿਉਂਕਿ ਜੇ ਓਹ ਆਪ ਆਪਣੇ ਹੱਥੀਂ ਹੱਤਿਆ ਨਹੀਂ ਕਮਾਉਂਦੇ ਤਾਂ ਹੱਤਿਆਂ ਕਸਾਈ ਕੋਲੋਂ ਕਰਾਉਂਦੇ ਹਨ। ਜੇ ਕਹੋ ਕਿ ਅਸੀਂ ਕਸਾਈ ਨੂੰ ਕਿਹੜਾ ਕਹਿਣ ਗਏ ਸੀ ਕਿ ਹੱਤਿਆ ਕਮਾ। ਉੱਤਰ ਵਿਚ ਅਸੀਂ ਆਖਦੇ ਹਾਂ ਕਿ ਆਪ ਦੇ ਕਹਿਣ ਦੀ ਕੀ ਲੋੜ, ਜਦ ਆਪ ਪਰ-ਹਥੋਂ ਕਮਾਈ ਹੱਤਿਆ ਨੂੰ ਅਮਲੀ ਤੌਰ ਤੇ ਕਬੂਲ ਕਰਨ ਨੂੰ ਤਿਆਰ ਹੋ ਅਤੇ ਕਰ ਲੈਂਦੇ ਹੋ। ਆਪ ਮਾਸ ਖਾਂਦੇ ਹੋ ਤਾਂ ਕਸਾਈ (ਝਟਕਈ) ਹੱਤਿਆ ਕਮਾਉਂਦੇ ਹਨ। ਮਾਸ ਖਾਣ ਵਾਲੇ ਨਾ ਹੋ ਤਾਂ ਕਸਾਈ ਨੇ ਕਾਸ ਨੂੰ ਹੱਤਿਆ ਕਮਾਉਣੀ ਹੈ ! ਕਸਾਈ ਦਾ ਨਿਤਪ੍ਰਤਿ ਜੀਆ-ਘਾਤ ਕਰਨਾ ਕੇਵਲ ਮਾਸਖੋਰਿਆਂ ਦੀ ਖ਼ਾਤਰ ਹੈ। ਪਰ ਕਸਾਈ ਦੀ ਭੀ ਅਜਿਹੀ ਕਰਤੂਤ ਉਪਕਾਰ ਵਿਚ ਦਾਖ਼ਲ ਨਹੀਂ, ਪਾਪਾ ਦਾ ਭਾਗੀ ਉਹ ਭੀ ਹੈ, ਕਿਉਂਕਿ ਉਹ ਆਪਣੇ ਲੋਭ ਗ੍ਰਸੀ ਹੱਤਿਆ ਧਾਵਨੀ ਪਾਪਾਂ ਦੀ ਕਮਾਈ ਦੇ ਸਹਾਈ ਹੋ, ਸਹਾਇਕ ਹੋ, ਪ੍ਰੇਰਕ ਹੋ, ਪ੍ਰੇਰਕ ਨਹੀਂ ਤਾਂ ਉਸ ਦੀ ਪਾਪ ਆਤਰ ਬ੍ਰਿਤੀ ਨੂੰ ਭੜਕਾਉਣ ਵਾਲੇ, ਵਧਾਉਣ ਵਾਲੇ, ਲੂਣ ਮਸਾਲੇ ਲਾਉਣ ਵਾਲੇ ਤਾਂ ਜ਼ਰੂਰ ਹੋ ! ਹੱਤਿਆ ਦੇ ਹਿੱਸੇਦਾਰ ਆਪ ਬਰਾਬਰ ਹੋ, ਸਗੋਂ ਅਧਕ ਹੱਤਿਆ ਦੇ ਭਾਗੀ ਹੋ। ਦੋਹੀਂ ਧਿਰੀ ਹੱਤਿਆ ਦਾ ਭਾਰ ਪ੍ਰਸਪਰ ਵੰਡ ਨਹੀਂ ਹੁੰਦਾ, ਸਗੋਂ ਵਧੇਰੇ ਵਧਦਾ ਖਿੰਡਦਾ ਹੈ।

(ਭਾ: ਸਾ: ਭਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਝਟਕਾ ਮਾਸ'ਵਿਚੋਂ)



www.AKJ.Org

## ਰਿਸ਼ਤੇ ਨਾਤੇ

ਨੋਟ :- 1. ਕੇਵਲ ਕੇਸਕੀ ਧਾਰੀ ਅਤੇ ਸ਼ਾਕਾਹਾਰੀ ਬੱਚਿਆਂ ਦੇ ਰਿਸ਼ਤੇ ਲਈ ਹੀ ਲਿਖੋ ਜੀ 2. ਇਸ ਕਾਲਮ ਵਿਚ ਛਪਵਾਉਣ ਲਈ ਆਪਣੇ ਅਤੇ ਪਰਿਵਾਰ ਬਾਰੇ ਪੂਰਾ ਵੇਰਵਾ ਸਾਫ਼ ਸਪਸ਼ਟ ਲਿਖ ਕੇ ਸੂਰਾ ਦਫ਼ਤਰ ਭੇਜੋ ਜੀ। 3. ਕਿਸੇ ਵੀ ਛਪੇ ਇਸ਼ਿਤਹਾਰ ਦੇ ਜਵਾਬੀ ਪੱਤਰ ਦੇ ਨਾਲ ਦੋ ਰੁਪਏ ਦੀ ਟਿਕਟ ਲੱਗਿਆ ਖਾਲੀ ਲਿਫ਼ਾਫਾ ਜ਼ਰੂਰ ਭੇਜੋ ਜੀ।

LD-127 22 ਸਾਲਾ ਕੱਦ 5'5", 10+2 ਅਤੇ I.T.I. ਪਾਸ ਆਪਣਾ ਕੰਮ 4000/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-128 25 ਸਾਲਾ ਕੱਦ 5'2", M.A.,B.Ed. ਟਾਈਪਿੰਗ ਤੇ ਸਿਲਾਈ ਕਢਾਈ ਜਾਣਦੀ 2000/- ਮਾਸਿਕ ਤੇ ਪ੍ਰਾਈਵੇਟ ਟੀਚਰ ਦੀ ਨੌਕਰੀ ਕਰ ਰਹੀ ਅਖੰਡ ਪਾਠੀ ਬੀਬੀ ਵਾਸਤੇ ਵਰ ਦੀ ਲੋੜ ਹੈ।

LD-129 24 ਸਾਲਾ ਕੱਦ 5'3", Bsc. Bed. ਟਾਈਪ ਜਾਣਦੀ 2000/- ਰੁ. ਮਾਸਿਕ ਦੀ ਪ੍ਰਾਈਵੇਟ ਟੀਚਰ ਦੀ ਨੌਕਰੀ ਕਰ ਰਹੀ ਅਖੰਡ ਪਾਠੀ ਬੀਬੀ ਲਈ ਵਰ ਦੀ ਲੋੜ ਹੈ।

LD-130 30 ਸਾਲਾ, ਸਤਵੀਂ ਜਮਾਤ ਪਾਸ ਖੇਤੀ ਬਾੜੀ ਕਰਦੇ 8000/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-131 25 ਸਾਲਾ ਕੱਦ 5'2", M.A. ਇੰਗਲਿਸ਼ ਪਾਸ ਬੀਬੀ ਲਈ ਵਰ ਦੀ ਲੋੜ ਹੈ।

LD-132 28 ਸਾਲਾ ਕੱਦ 5'9" ਅਣਪੜ ਆਪਣੀ ਤਿੰਨ ਏਕੜ ਜਮੀਨ ਆਪਣਾ ਮਕਾਨ ਖੇਤੀ ਬਾੜੀ ਅਤੇ ਕਕਾਰਾਂ ਦੀ ਵਿਕਰੀ ਦਾ ਕੰਮ ਕਰਦੇ 6000/- ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

LD-133 Wanted Suitable Amritdhari & welleducated Match For American Citizen Boy 24 years, Height 5'10", Holding Bachelar Degree From American University in Finance. Please send Full Bio-Data & Photograph at the following Address :- Parmjeet Singh, Nam International Trading Co, 1651 WHIPPIE RD # 26 Hayward CA 94544

LD-134 35 ਸਾਲਾ ਕੱਦ 5'4" ਮਿਡਲ ਪਾਸ ਆਪਣਾ ਕਾਰੋਬਾਰ 4000/- ਰੁ. ਮਾਸਿਕ ਆਮਦਨ ਵਾਲੇ ਸਿੰਘ ਲਈ ਬੀਬੀ ਦੀ ਲੋੜ ਹੈ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ: ਸੁਰਿੰਦਰ ਸਿੰਘ- | ੧੦੦/- | ਭਾਈ ਗੁਰਦਾਸ ਸਿੰਘ- | ੨੦੧/- |
| ਮੋਹਨ ਸਿੰਘ ਐਡ ਸਨਜ- | ੫੦/- | ਭਾਈ ਜੋਗਿੰਦਰ ਸਿੰਘ- | ੫੦੧/- |
| ਗੁਪਤ | ੫੦/- | ਬੀਬੀ ਬਲਵੰਤ ਕੌਰ ਰਾਹੀਂ ਭਾਈ ਗੁਰਨਾਮ ਸਿੰਘ ਯੂ: ਕੇ. | ੧੦੮੦/- |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ: ਗੁਰਚਰਨ ਸਿੰਘ ਲੁਧਿਆਣਾ | ੧੦੦/- | ਮਾਨਵ ਸੇਵਾ ਸੰਮਤੀ | ੨੦੦/- |
| ਗੁਪਤ | ੧੦੦/- | ਸ੍ਰ: ਰਣਜੀਤ ਸਿੰਘ | ੫੦੦/- |
| ਗੁਪਤ | ੫੦/- | ਗੁਪਤ- | ੫੦/- |

## ਜ਼ਰੂਰੀ ਸੂਚਨਾ

ਸਾਰੇ ਪਾਠਕਾਂ ਪ੍ਰਤੀ ਬੇਨਤੀ ਹੈ ਕਿ ਕਿਸੇ ਵੀ ਤਰਾਂ ਦਾ ਚਿੱਠੀ ਪੱਤਰ ਭੇਜਣ ਸਮੇਂ ਵਧੇ ਹੋਏ ਡਾਕ ਖਰਚ ਦਰ ਅਨੁਸਾਰ ਪੂਰੀਆਂ ਟਿਕਟਾਂ ਲਗਾ ਕੇ ਭੇਜੋ ਜੀ। ਬੈਰੰਗ (ਬਿਨਾਂ ਟਿਕਟ ਤੋਂ) ਜਾਂ ਘੱਟ ਟਿਕਟਾਂ ਲੱਗੇ ਪੱਤਰ ਸੂਰਾ ਦਫ਼ਤਰ ਵੱਲੋਂ ਪ੍ਰਾਪਤ ਨਹੀਂ ਕੀਤੇ ਜਾਣਗੇ।

## ਯੂ: ਕੇ ਵਿਚ ਮੋਖ ਰਹਿਤ ਗੁਰਮਤਿ ਦੀਆਂ ਪੁਸਤਕਾਂ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਅਤੇ ਹੋਰ ਗੁਰਮਤਿ ਦੀਆਂ ਮੋਖ ਰਹਿਤ ਪੁਸਤਕਾਂ ਡਾਕ ਖਰਚ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾਂ ਕੇ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਜੀ।

ਭਾਈ ਮਦਨ ਸਿੰਘ 11-AApollo Way PERRYBARR BIRMINGHIM-20(U.K.)

www.AKJ.Org

Regd. No./12245/66 SURA/JULY/97 P.O. Regd. No. PB/LD/121/97

ਮਾਸਿਕ ਰੈਣਿ ਸਬਾਈ ਕੀਰਤਨ ਗੁ: ਸਿੰਘ ਸਭਾ ਅਹਿਮਦਗੜ ਜ਼ਿਲਾ ਸੰਗਰੂਰ ਵਿਖੇ 12 ਜੁਲਾਈ ਰਾਤ ਨੂੰ
ਗੁ: ਦੁਖ ਭੰਜਨ ਸਾਹਿਬ ਸ਼ਿਮਲਾਪੁਰੀ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ 19 ਜੁਲਾਈ ਰਾਤ ਨੂੰ

ਪਿੰਡ ਸ਼ੇਰਪੁਰ ਖੁਰਦ ਨੇੜੇ ਜਗਰਾਉਂ (ਲੁਧਿਆਣਾ) ਗੁਰਦੁਆਰਾ ਸਾਹਿਬ ਵਿਖੇ ਅਖੰਡ ਕੀਰਤਨ ਸਮਾਗਮ 20 ਜੁਲਾਈ ਐਤਵਾਰ ਸਵੇਰੇ 7 ਵਜੇ ਤੋਂ 12 ਵਜੇ ਤੱਕ।

ਗੁ: ਬਾਬਾ ਰਾਜਾ ਰਾਮ ਗੁਰਦਾਸਪੁਰ ਰੋਡ, ਹਰਚੋਵਾਲ ਜ਼ਿਲਾ ਗੁਰਦਾਸਪੁਰ ਵਿਖੇ ਅਖੰਡ ਕੀਰਤਨ ਸਮਾਗਮ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੇ ਜਨਮ ਦਿਵਸ ਸਬੰਧੀ ਸਾਲਾਨਾ ਸ੍ਰੀ ਅਖੰਡ ਪਾਠ ਸਾਹਿਬ 24 ਜੁਲਾਈ ਸਵੇਰ ਤੋਂ 26 ਜੁਲਾਈ ਸਵੇਰ ਤੱਕ ਉਪਰੰਤ ਦੁਪਹਿਰ ਤੱਕ ਅਖੰਡ ਕੀਰਤਨ ਤੇ ਰਾਤ ਨੂੰ ਰੈਣਿ ਸਬਾਈ ਕੀਰਤਨ।

ਗੁ: ਸਾਹਿਬ ਪਿੰਡ ਗਿੱਲ (ਲੁਧਿਆਣਾ) ਵਿਖੇ ਰੈਣਿ ਸਬਾਈ ਕੀਰਤਨ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜਨਮ ਦਿਵਸ ਤੇ 26 ਜੁਲਾਈ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਅਰੰਭ ਹੋਣਗੇ।

ਅੰਬਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁ: ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ 14 ਅਗਸਤ ਸਵੇਰ ਤੋਂ 16 ਅਗਸਤ ਸਵੇਰ ਤੱਕ ਸ੍ਰੀ ਅਖੰਡ ਪਾਠ ਸਾਹਿਬ ਤੇ ਸਵੇਰੇ ਸ਼ਾਮ ਅਖੰਡ ਕੀਰਤਨ ਸਮਾਗਮ ਹੋਣਗੇ। 16 ਅਗਸਤ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਅਖੰਡ ਕੀਰਤਨ । ਸ਼ਾਮ 7 ਵਜੇ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ।

ਦਾਸਰੇ ਅਖੰਡ ਕੀਰਤਨੀ ਜੱਥਾ ਅੰਬਾਲਾ ਛਾਉਣੀ

ਯੂ. ਕੇ. ਵਿਖੇ ਅਖੰਡ ਕੀਰਤਨ ਸਮਾਗਮ

1. 19 JULY 1997 ਰੈਣਿ ਸਬਾਈ ਕੀਰਤਨ Gurd. Guru Nanak Dev Ji 8 Edwerd Street West Bromwich Birmingham ਹੋਰ ਜਾਣਕਾਰੀ ਲਈ Tel. 0121-515-1722ਜਾਂ 0121-580-1898
2. ਸ਼ਹੀਦਾਂ ਦੀ ਯਾਦ ਵਿਚ 1-8-97 ਤੋਂ3-8-97 ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਅਖੰਡ ਕੀਰਤਨ Resi- Bhai Kehar Singh ji 37, Thomos Street Smethwick Birmingham Tel. 0121-558-6473
3. ਅਨੰਦਕਾਰਜ ਭਾਈ ਜਸਪਾਲ ਸਿੰਘ ਦਾ ਬੀਬੀ ਕੁਲਜੀਤ ਕੌਰ ਨਾਲ 16-8-97 ਸਵੇਰੇ 10 ਵਜੇ ਆਰੰਭGurd. Guru Teg Bahadur, 106, East Park Road, Evington, Leicester, ਹੋਰ ਜਾਣਕਾਰੀ ਲਈ ਭਾਈ ਮਹਿੰਦਰ ਸਿੰਘ 01213580969
4. 16 ਅਗਸਤ 1997 ਸ਼ਾਮ 6 ਵਜੇ ਤੋਂ 10 ਵਜੇ ਤੱਕ ਕੀਰਤਨ ਰਾਮਗੜੀਆ ਸਿਖ ਗੁਰਦੁਆਰਾ Woodland Ave, Slough ਵਿਖੇ ਹੋਰ ਜਾਣਕਾਰੀ ਭਾਈ ਉਂਕਾਰ ਸਿੰਘ 01753572737
5. ਬੀਬੀ ਗੁਰਜੀਤ ਕੌਰ ਦਾ ਅਨੰਦਕਾਰਜ ਭਾਈ ਦਵਿੰਦਰ ਸਿੰਘ ਟੋਰੰਟੋ ਨਾਲ 17-8-97 ਸਵੇਰੇ 7ਵਜੇ ਤੋਂ 11 ਵਜੇ ਤੱਕ ਗੁ: ਸ੍ਰੀ ਗੁਰੂਸਿੰਘ ਸਭਾ Cumberland Road, Reading Berks ਹੋਰ ਜਾਣਕਾਰੀ ਲਈ ਭਾਈ ਜਸਵੰਤ ਸਿੰਘ ਜੀ 01734613006
6. ਪੈਰਿਸ ਵਿਖੇ ਇਟੰਰਨੈਸ਼ਨਲ ਰੈਣਿ ਸਬਾਈ ਕੀਰਤਨ 23-8-97 ਸ਼ਾਮ ਨੂੰ ਗੁਰਦੁਆਰਾ Sri Guru Singh Sabha 16-18- Rue-De-La-Ferme Bobigny. Paris, France ਹੋਰ ਜਾਣਕਾਰੀ ਅਤੇ ਕੋਚ ਸੀਟਾਂ ਬੁੱਕ ਕਰਾਉਣ ਲਈ ਭਾਈ ਉਂਕਾਰ ਸਿੰਘ 01753-572737
7. 30-8-97 ਸ਼ਾਮ 6 ਤੋਂ 12 ਵਜੇ ਤੱਕ ਕੀਰਤਨ ਗੁ: ਗੁਰੂ ਨਾਨਕ ਦਰਬਾਰ, Clasance Place Gravesend, Kent ਹੋਰ ਜਾਣਕਾਰੀ ਲਈ ਦਲਜੀਤ ਸਿੰਘ 01474743329
8. 13-9-97 ਰਾਤ ਰੈਣਿ ਸਬਾਈ ਕੀਰਤਨ At Sri Guru Singh Sabha, Berkley Street GlasGow ਭੋਗ ਉਪ੍ਰੰਤ ਦਿਨੇ 11 ਵਜੇ ਤੋਂ 2 ਵਜੇ ਤੱਕ ਯੂਥ ਪ੍ਰੋਗਰਾਮ ਕੀਰਤਨ,ਲੈਕਚਰ ਗਤਕਾ। ਹੋਰ ਜਾਣਕਾਰੀ ਲਈ ਮਨਜੀਤ ਸਿੰਘ 01416160360. ਭਾਈ ਜਗਜੀਤ ਸਿੰਘ 01753535803
9. A.K.J. Uk"s Next International Programme Has been Set for the dates of 6th April 1998 to 11th April 1998 Contact Bhai Hardeep Singh Genl. Secrt. Akhand Kirtani Jatha U.K. for booking of programmes Tel.01753530624

SURA (Monthly) KOTHI No. 12, BLOCK-I BHAI RANDHIR SINGH NAGAR, LUDHIANA-141004

www.AKJ.Org